ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 18 * Issue 46 | Daily Newspaper Thursday, March 07, 2019 | Tel: 905-793-2202 | Fax: 905-793-2282 | news@punjabipost.ca

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes* Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2

## ਅੰਦਰ ਪੜ੍ਹੋ

ਅਯੁੱਧਿਆ ਕੇਸ ਵਿੱਚ ਵਿਚੋਲਗੀ ਬਾਰੇ ਸੁਪਰੀਮ ਕੋਰਟ ਨੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ


ਪੰਨਾ 03

ਰਾਫੇਲ ਕੇਸ ਦੀ ਸੁਣਵਾਈ ਫਿਰ ਟਲੀ, ਮੰਤਰਾਲੇ ਤੋਂ ਇਸ ਕੇਸ ਦੇ ਕਾਗਜ਼ ਚੋਰੀ ਹੋਏ ਦੱਸੇ ਗਏ


ਪੰਨਾ 04

# ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਆਮ ਸਰਕਾਰੀ ਕੰਮਕਾਰ ਤੋਂ ਬਿਨਾਂ ਹੋਰ ਕੁੱਝ ਨਹੀਂ ਵਾਪਰਿਆ : ਬੱਟਸ

ਓਟਵਾ, 6 ਮਾਰਚ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਸਾਬਕਾ ਪ੍ਰਿੰਸੀਪਲ ਸਕੱਤਰ ਗੇਰਾਲਡ ਬੱਟਸ ਦਾ ਕਹਿਣਾ ਹੈ ਕਿ ਉਸ ਨੂੰ ਪੂਰਾ ਯਕੀਨ ਹੈ ਕਿ ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਸਰਕਾਰ ਦੇ ਆਮ ਕੰਮਕਾਰ ਤੋਂ ਬਿਨਾਂ ਹੋਰ ਕੁੱਝ ਨਹੀਂ ਵਾਪਰਿਆ।

ਬੁੱਧਵਾਰ ਨੂੰ ਇਸ ਸਕੈਂਡਲ ਬਾਰੇ ਹਾਊਸ ਦੀ ਨਿਆਂ ਕਮੇਟੀ ਸਾਹਮਣੇ ਬੱਟਸ ਨੇ ਦੋ ਘੰਟਿਆਂ ਲਈ ਗਵਾਹੀ ਦਿੱਤੀ। ਵਿਰੋਧੀ ਧਿਰ ਸੰਹੁ ਖੁਆ ਕੇ ਬੱਟਸ ਤੋਂ ਗਵਾਹੀ ਲੈਣਾ ਚਾਹੁੰਦੀ ਸੀ ਪਰ ਲਿਬਰਲਾਂ ਦੀ ਬਹੁਗਿਣਤੀ ਕਾਰਨ ਅਜਿਹਾ ਨਹੀਂ ਹੋ ਸਕਿਆ। ਹੁਣ ਇਸ ਘਟਨਾ ਦੇ ਜਦੋਂ ਦੋ ਬਰਾਬਰ ਸੰਸਕਰਣ ਬਣ ਗਏ ਹਨ ਤਾਂ ਅਜਿਹੇ ਵਿੱਚ ਵਿਰੋਧੀ ਧਿਰਾਂ ਦੂਜੇ ਗੇੜ ਦੇ ਸਵਾਲ ਜਵਾਬ ਲਈ ਮੁੜ ਰੇਅਬੋਲਡ ਨੂੰ ਵਾਪਿਸ ਬੁਲਾਉਣਾ ਚਾਹੁੰਦੀਆਂ ਹਨ।

ਪੱਤਰਕਾਰਾਂ ਨੂੰ ਲਿਖੇ ਪੱਤਰ ਵਿੱਚ ਵਿਲਸਨ ਰੇਅਬੋਲਡ ਨੇ ਆਖਿਆ ਕਿ ਜੇ ਕਮੇਟੀ ਉਸ ਕੋਲੋਂ ਅੱਗੇ ਹੋਰ ਸਵਾਲ ਪੁੱਛਣਾ ਚਾਹੁੰਦੀ ਹੈ ਤੇ ਕਿਸੇ ਹੋਰ ਤਰ੍ਹਾਂ ਦਾ ਸਪਸ਼ਟੀਕਰਨ ਚਾਹੁੰਦੀ ਹੈ ਤਾਂ ਉਹ ਇੱਕ ਵਾਰੀ ਫਿਰ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਹੈ। ਰੇਅਬੋਲਡ ਨੇ ਇਹ ਵੀ ਆਖਿਆ ਕਿ ਕਮੇਟੀ ਨੂੰ ਪਹਿਲਾਂ ਦਿੱਤਾ ਗਿਆ ਉਨ੍ਹਾਂ ਦਾ ਬਿਆਨ ਮੁੰਕਮਲ ਨਹੀਂ ਸੀ ਉਹ ਤਾਂ ਹਾਲਾਤ ਦੇ ਨਿਚੋੜ ਨੂੰ ਉਨ੍ਹਾਂ ਵੱਲੋਂ ਪੇਸ਼ ਕੀਤਾ ਗਿਆ ਸੀ।

ਡਿਪਟੀ ਕੰਜ਼ਰਵੇਟਿਵ ਆਗੂ ਲੀਜ਼ਾ ਰਾਇਤ ਨੇ ਬੱਟਸ ਦੀ ਗਵਾਹੀ ਤੋਂ ਬਾਅਦ ਆਖਿਆ ਕਿ ਦੋਵਾਂ ਦੀ ਗੱਲ ਵਿੱਚ ਬਹੁਤ ਜ਼ਿਆਦਾ ਵਿਰੋਧਾਭਾਸ ਹੈ ਤੇ ਦੋਵਾਂ ਵਿੱਚੋਂ ਕੋਈ ਇੱਕ ਪੂਰੀ ਗੱਲ ਨਹੀਂ ਦੱਸ ਰਿਹਾ ਤੇ ਸਾਨੂੰ ਇਹੋ ਪਤਾ ਲਾਉਣਾ ਹੈ ਕਿ ਉਹ ਕੌਣ ਹੈ? ਬੱਟਸ ਨੇ ਨਾ ਤਾਂ ਕਮੇਟੀ ਸਾਹਮਣੇ ਪੇਸ਼ ਹੋਣ ਤੋਂ ਪਹਿਲਾਂ ਤੇ ਨਾ ਹੀ ਬਾਅਦ ਵਿੱਚ ਪੱਤਰਕਾਰਾਂ ਨਾਲ ਕੋਈ ਗੱਲ ਕੀਤੀ।



ਹੁਣ ਜਦੋਂ ਦੋਵੇਂ ਧਿਰਾਂ ਕਮੇਟੀ ਸਾਹਮਣੇ ਪੇਸ਼ ਹੋ ਚੁੱਕੀਆਂ ਹਨ ਤਾਂ ਟਰੂਡੋ ਇਸ ਵਿਵਾਦ ਬਾਰੇ ਵੀਰਵਾਰ ਨੂੰ ਨੈਸ਼ਨਲ ਪ੍ਰੈੱਸ ਥਿਏਟਰ ਵਿੱਚ ਸਵੇਰੇ 8:00 ਵਜੇ ਇਸ ਮੁੱਦੇ ਦੇ ਸਬੰਧ ਵਿੱਚ ਬੋਲਣਗੇ।

ਬੱਟਸ ਨੇ ਆਖਿਆ ਕਿ ਪਿਛਲੇ ਹਫਤੇ ਵਿਲਸਨ ਰੇਅਬੋਲਡ ਵੱਲੋਂ ਜਿਨ੍ਹਾਂ 11 ਵਿਅਕਤੀਆਂ ਦੇ ਨਾਂ ਲਏ ਗਏ ਸਨ ਉਨ੍ਹਾਂ ਨੂੰ ਵੀ ਪਹਿਲੀ ਵਾਰੀ ਹੀ ਇਹ ਪਤਾ ਲੱਗਿਆ ਕਿ ਉਨ੍ਹਾਂ ਦੇ ਐਕਸ਼ਨ ਸਹੀ ਨਹੀਂ ਸਨ। ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਹਿਸਾਬ ਨਾਲ ਅਟਾਰਨੀ ਜਨਰਲ ਦੀ ਡੀਪੀਪੀ ਨੂੰ ਨਿਰਦੇਸ਼ ਦੇਣ ਦੀ ਸ਼ਕਤੀ ਉਦੋਂ ਤੱਕ ਹੁੰਦੀ ਹੈ ਜਦੋਂ ਤੱਕ ਫੈਸਲਾ ਨਹੀਂ ਸੁਣਾਇਆ ਜਾਂਦਾ। ਜਦੋਂ ਤੱਕ ਫੈਸਲਾ ਨਹੀਂ ਆ ਜਾਂਦਾ ਉਸ ਨੁਕਤੇ ਤੱਕ ਅਟਾਰਨੀ ਜਨਰਲ ਨਵੀਂ ਸਲਾਹ ਸੁਣਨ ਲਈ ਆਜ਼ਾਦ ਹੁੰਦਾ ਹੈ। ਬੱਟਸ ਨੇ ਆਖਿਆ ਕਿ ਜੇ ਇਹ ਸਾਰਾ ਮਾਮਲਾ ਹੀ ਮੁਜਰਮਾਨਾਂ ਢੰਗ ਨਾਲ ਗਲਤ ਸੀ ਤਾਂ ਇਹ ਮੁੱਦਾ ਉਸ ਸਮੇਂ ਸਾਹਮਣੇ ਕਿਉਂ ਨਹੀਂ ਆਇਆ ਜਦੋਂ ਇਹ ਸਾਰੀ ਗੱਲਬਾਤ ਚੱਲ ਰਹੀ ਸੀ।

...ਬਾਕੀ ਪੰਨਾ 6 'ਤੇ

## ਟੀਬੀ ਪ੍ਰਕੋਪ ਦੌਰਾਨ ਮਾਰੇ ਗਏ ਰਿਸ਼ਤੇਦਾਰਾਂ ਲਈ ਇਨੁਇਟ ਪਰਿਵਾਰਾਂ ਤੋਂ ਮੁਆਫੀ ਮੰਗਣਗੇ ਟਰੂਡੋ



ਓਟਵਾ, 6 ਮਾਰਚ ( ਪੋਸਟ ਬਿਊਰੋ) : ਫੈਡਰਲ ਸਰਕਾਰ 9000 ਫਾਈਲਾਂ ਵਾਲਾ ਇੱਕ ਅਜਿਹਾ ਡਾਟਾਬੇਸ ਖੋਲ੍ਹਣਾ ਚਾਹੁੰਦੀ ਹੈ ਜਿਸ ਰਾਹੀਂ ਇਨੁਇਟ ਪਰਿਵਾਰਾਂ ਨੂੰ 20ਵੀਂ ਸਦੀ ਦੇ ਟੀਬੀ ਪ੍ਰਕੋਪ ਦੌਰਾਨ ਮਾਰੇ ਗਏ ਆਪਣੇ ਰਿਸਤੇਦਾਰਾਂ ਬਾਰੇ ਜਾਣਨ ਦਾ ਮੌਕਾ ਮਿਲੇਗਾ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਜੋ ਕਿ ਇਸ ਹਫਤੇ ਇਕੁਆਲੁਇਟ ਦੇ ਦੌਰੇ ਉੱਤੇ ਜਾ ਰਹੇ ਹਨ, ਤੋਂ ਇਹ ਆਸ ਪ੍ਰਗਟਾਈ ਜਾ ਰਹੀ ਹੈ ਕਿ ਉਹ ਸਮਝਾਉਣਗੇ ਕਿ ਇਹ ਡਾਟਾਬੇਸ ਕਿਸ ਤਰ੍ਹਾਂ ਕੰਮ ਕਰੇਗਾ। ਇਹ ਵੀ ਉਮੀਦ ਹੈ ਕਿ ਟਰੂਡੋ ਇਸ ਸਮੇਂ ਟੀਬੀ ਵਰਗੀ ਮਹਾਮਾਰੀ ਦੌਰਾਨ ਗਲਤ ਇਲਾਜ ਕਰਨ ਕਾਰਨ ਮਾਰੇ ਗਏ ਇਨੁਇਟ ਦੇ ਲੋਕਾਂ ਲਈ ਸਰਕਾਰ ਵੱਲੋਂ ਮੁਆਫੀ ਵੀ ਮੰਗਣਗੇ।

ਪਹਿਲੀ ਵਾਰੀ ਇਹ ਡਾਟਾਬੇਸ ਉੱਤਰੀ ਕੈਨੇਡਾ ਦੇ ਇਨੁਇਟ ਪਰਿਵਾਰਾਂ ਨੂੰ ਆਪਣੇ ਹੀ ਇਲਾਕੇ ਵਿੱਚ ਅਜਿਹੀਆਂ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਸੰਪਰਕ ਕਰਨ ਵਿੱਚ ਮਦਦ ਕਰੇਗਾ ਜਿਹੜੇ ਇਹ ਪਤਾ ਲਾ ਸਕਣਗੇ ਕਿ ਸਬੰਧਤ ਲੋਕਾਂ ਦੇ ਰਿਸਤੇਦਾਰਾਂ ਨਾਲ ਕੀ ਵਾਪਰਿਆ ਸੀ। ਇਸ ਮੁਹਿੰਮ ਦਾ ਅਸਲ ਟੀਚਾ ਅਜਿਹੇ ਲੋਕਾਂ ਦੇ ਪਰਿਵਾਰਕ ਮੈਂਬਰਾਂ ਦੀਆਂ ਕਬਰਾਂ ਦਾ ਪਤਾ ਲਾਉਣਾ ਹੈ ਜਿਹੜੇ 1940ਵਿਆਂ ਤੇ 1960ਵਿਆਂ ਦਰਮਿਆਨ ਟੀਬੀ ਦੇ ਇਲਾਜ ਲਈ ਦੱਖਣੀ ਕੈਨੇਡਾ ਲਿਆਂਦੇ ਗਏ।

ਦ ਕੈਨੇਡਾ ਪਬਲਿਕ ਹੈਲਥ ਐਸੋਸਿਏਸਨ ਦੇ ਅੰਦਾਜੇ ਮੁਤਾਬਕ ਕੈਨੇਡਾ ਦੀ ਇਨੁਇਟ ਆਬਾਦੀ ਦਾ ਅੰਦਾਜਨ ਇੱਕ ਤਿਹਾਈ ਹਿੱਸਾ ਅਜਿਹੀ ਮਹਾਮਾਰੀ ਵਿੱਚ ਟੀਬੀ ਤੋਂ ਪ੍ਰਭਾਵਿਤ ਹੋਇਆ ਸੀ। ਇਸ ਦੌਰਾਨ ਮਾਰੇ ਗਏ ਕਈ ਲੋਕ ਕਦੇ ਵੀ ਆਪਣੇ ਪਰਿਵਾਰਾਂ ਕੋਲ ਨਹੀਂ ਪਰਤੇ ਸਗੋਂ ਕਿਸੇ ਵੀ ਅਣਦੱਸੀ ਥਾਂ ਉੱਤੇ ਉਨ੍ਹਾਂ ਨੂੰ ਦਫਨਾ ਦਿੱਤਾ ਗਿਆ।

## ਟੈਵਰਨਰ ਨੂੰ ਓਪੀਪੀ ਕਮਿਸ਼ਨਰ ਬਣਾਉਣ ਦੀ ਫੋਰਡ ਦੀ ਕੋਸ਼ਿਸ਼ ਨੂੰ ਬੂਰ ਨਹੀਂ ਪਿਆ



ਟੋਰਾਂਟੋ, 6 ਮਾਰਚ (ਪੋਸਟ ਬਿਊਰੋ) : ਆਪਣੇ ਦੋਸਤ ਨੂੰ ਓਨਟਾਰੀਓ ਦਾ ਪ੍ਰੋਵਿੰਸ਼ੀਅਲ ਪੁਲਿਸ ਕਮਿਸ਼ਨਰ ਬਣਾਉਣ ਦੀ ਪ੍ਰੀਮੀਅਰ ਡੱਗ ਫੋਰਡ ਦੀ ਵਿਵਾਦਗ੍ਰਸਤ ਕੋਸ਼ਿਸ਼ ਨੂੰ ਬੂਰ ਨਹੀਂ ਪੈ ਸਕਿਆ।

ਇਸ ਦੌੜ ਤੋਂ ਪਾਸੇ ਹੋਣ ਦਾ ਟੈਵਰਨਰ ਦਾ ਹੈਰਾਨੀ ਭਰਿਆ ਫੈਸਲਾ ਉਦੋਂ ਆਇਆ ਜਦੋਂ ਇਸ ਮਾਮਲੇ ਵਿੱਚ ਸਿਆਸੀ ਦਖਲ ਤੇ ਦੇਸ਼ ਦੀ ਦੂਜੀ ਸੱਭ ਤੋਂ ਵੱਡੀ ਪੁਲਿਸ ਫੋਰਸ ਦੀ ਆਜ਼ਾਦੀ ਵਿੱਚ ਸੰਨ੍ਹ ਲਾਏ ਜਾਣ ਦੇ ਦੋਸ਼ ਹੱਦੋਂ ਵੱਧ ਗਏ। ਦੂਜੇ ਪਾਸੇ ਪ੍ਰੀਮੀਅਰ ਡੱਗ ਫੋਰਡ ਦੀ ਸਰਕਾਰ ਉੱਤੇ ਸੱਤਾ ਦੀ ਦੁਰਵਰਤੋਂ ਕਰਨ ਦਾ ਦੋਸ਼ ਵੀ ਲੱਗ ਰਿਹਾ ਹੈ ਕਿਉਂਕਿ ਉਨ੍ਹਾਂ ਵੱਲੋਂ ਉੱਚ ਪੱਧਰੀ ਪ੍ਰੋਵਿੰਸ਼ੀਅਲ ਪੁਲਿਸ ਅਧਿਕਾਰੀ ਨੂੰ ਆਪਣਾ ਬਚਾਅ ਕਰਨ ਦਾ ਮੌਕਾ ਦਿੱਤੇ ਬਿਨਾਂ ਹੀ ਅਹੁਦੇ ਤੋਂ ਪਾਸੇ ਕਰ ਦਿੱਤਾ। ਇਹ ਦੋਸ਼ ਬਲੇਅਰ ਦੇ ਵਕੀਲਾਂ ਵੱਲੋਂ ਲਾਇਆ ਗਿਆ।

...ਬਾਕੀ ਪੰਨਾ 6 'ਤੇ

## ਰੇਅਬੋਲਡ ਨੂੰ ਧਮਕਾਉਣ ਜਾਂ ਸਿਆਸੀ ਦਬਾਅ ਪਾਉਣ ਤੋਂ ਵਰਨਿੱਕ ਨੇ ਕੀਤਾ ਇਨਕਾਰ




ਓਟਵਾ, 6 ਮਾਰਚ (ਪੋਸਟ ਬਿਊਰੋ) : ਪ੍ਰਿਵੀ ਕਾਊਂਸਲ ਦੇ ਕਲਰਕ ਮਾਈਕਲ ਵਰਨਿੱਕ ਨੇ ਐਸਐਨਸੀ ਲਾਵਾਲਿਨ ਮਾਮਲੇ ਵਿੱਚ ਦੂਜੀ ਵਾਰੀ ਆਪਣੀ ਗਵਾਹੀ ਦਿੱਤੀ। ਇਸ ਦੌਰਾਨ ਉਨ੍ਹਾਂ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਨ੍ਹਾਂ ਵੱਲੋਂ ਜੋਡੀ ਵਿਲਸਨ ਰੇਅਬੋਲਡ ਉੱਤੇ ਕਿਸੇ ਕਿਸਮ ਦਾ ਦਬਾਅ ਪਾਇਆ ਗਿਆ ਸੀ ਜਾਂ ਉਨ੍ਹਾਂ ਨੂੰ ਧਮਕਾਇਆ ਗਿਆ ਸੀ।

ਵਰਨਿੱਕ ਤੇ ਨਿਆਂ ਲਈ ਡਿਪਟੀ ਮੰਤਰੀ ਨਥਾਲੀ ਡਰੂਇਨ ਬੁੱਧਵਾਰ ਦੁਪਹਿਰ ਨੂੰ ਹਾਊਸ ਦੀ ਜਸਟਿਸ ਕਮੇਟੀ ਸਾਹਮਣੇ ਪੇਸ਼ ਹੋਏ। ...ਬਾਕੀ ਪੰਨਾ 6 'ਤੇ

Best Insurance Rates
▪Auto ▪Home ▪Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
❖Immigration
❖Real Estate / Commercial Law
❖Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

INSURANCE
Home Auto
Business Trucking
R.E.S.P Commercial
647-206-2452 Sukhwinder K Singh
CONEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨੇ, ਪਾਵਰ ਆਫ ਅਟੋਰਨੀ, ਹਾਰਦਾਈ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

HSBA TAX SERVICES ➡ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration – Federal $240, Ontario $380*
•Initial Business Setup and Consultation
•Personal & Corporation
•Accounting & Bookkeeping Services
•Tax Planning
•HST, WSIB & Payroll Taxes
•CRA Appeals, Audits & Notice of Objection
•Cash Flow, Forecasts & Project Reports
•Registered Education Saving Plans (RESPs)
Prabhjot Kaur Sr. Accountant, M.B.A
Email:info@hsbatax.com
Tel: 647-720-5278 20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

# AZ DRIVERS JOB FAIR

## SEEKING DRIVERS FOR RUNS TO U.S

Hourly Pay 100%; We are currently hiring AZ drivers, Company and Owner Operators for our US Highway Runs; Our drivers are the heart of our company;

{ AZ ਡਰਾਈਵਰਾਂ ਦੀ ਲੋੜ ਹੈ, ਤਨਖਾਹ ਹਰ ਹਫ਼ਤੇ, ਨਵੇਂ ਬਰੈਂਡ ਨਿਉ ਟੱਰਕ, ਸ਼ਨਿੱਚਰਵਾਰ ਤੇ ਐਂਤਵਾਰ ਨੂੰ ਘਰੇ। }

**Location:** 75 Rexdale Blvd, Etobicoke, M9W 1P1

**Date:** Friday, March 8th from 8 am to 5 pm

- Hourly Rates
- Direct deposit weekly
- New Automatic trucks 2017-2018
- Long term employment
- Regular customers & Regular routes.
- Home every week
- Open door policy
- Dedicated manager to help fix any issues
- Referral Bonus
- Competitive Hourly Pay Structure

Bring your resume, abstract and CVOR. Cant make it to job fair?
Give us a call today at 416.742.2345 ext.4496 or email us at amanda.mangal@xtl.com

XTL TRANSPORT LOGISTICS DISTRIBUTION

XTL is an equal opportunity employer that embraces diversity in the workplace and equivalently considers applications from qualified women, men, visible minorities, aboriginal people and persons with disabilities. At XTL you will find the place that suits you!



TOTAL HOME Windows & Doors ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਘਰ ਦੀ ਸ਼ਾਨ ਵਧਾਉ।

WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service

For 5 Stars Reviews Online & Testimonial visit: https://thwindowsdoors.com/testimonials/



Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com



ਮੂੰਹੋ ਬੋਲਦੀ Kitchen and Washroom ਬਣਵਾਓ

**Pearson Kitchen & Cabinet**

Free Estimate
We Specialize in granite, quartz & marble countertops

100% Satisfaction On Time





We Specialize In:

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)



Data everywhere. No surprise charges anywhere.

NEW

NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER

379 Main St. North, Brampton, ON

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਮੁੜ ਕੇ ਮੁੱਕਾ ਨਹੀਂ ਮੁੱਦਾ ਅਯੁੱਧਿਆ ਦਾ,
ਗੱਡੀ ਰਿੜ੍ਹੀ ਨਹੀਂ ਇੱਕ ਵੀ ਮੀਲ ਭਾਈ।
ਸਾਰੀਆਂ ਧਿਰਾਂ ਸਟੈਂਡ 'ਤੇ ਅਜੇ ਅੜੀਆਂ,
ਬਦਲਣੀ ਕਿਸੇ ਨਹੀਂ ਕਦੇ ਦਲੀਲ ਭਾਈ।
ਹਰ ਕੋਈ ਆਪਣੇ ਹੱਕ ਲਈ ਜ਼ੋਰ ਦੇਂਦਾ,
ਘੁੰਮ ਰਹੀ ਇਸੇ ਦੇ ਤੀਕ ਅਪੀਲ ਭਾਈ।
ਹੋਇਆ ਸਫਲ ਨਾ ਹੀਲਾ ਵਿਚੋਲਿਆਂ ਦਾ,
ਚੜ੍ਹਦੀ ਜਾਪਦੀ ਸਿਰੇ ਨਹੀਂ ਡੀਲ ਭਾਈ।
ਚੋਣਾਂ ਕੋਲ ਇਹ ਰੱਖ ਲਈ ਝਾਕ ਸੀ ਗੀ,
ਜਾਵੇ ਮੁੱਕ ਇਹ ਕਿਸੇ ਤਰ੍ਹਾਂ ਕੇਸ ਭਾਈ।
ਮੁੱਕਾ ਕੇਸ ਨਹੀਂ, ਰਿਹਾ ਇਹ ਅੱਧਵਾਟੇ,
ਮੁਸ਼ਕਲ ਬਹੁਤ ਆ ਸਾਂਭਣਾ ਬੇਸ ਭਾਈ।

ਤੀਸ ਮਾਰ ਖਾਂ

# ਅਯੁੱਧਿਆ ਕੇਸ ਵਿੱਚ ਵਿਚੋਲਗੀ ਬਾਰੇ ਸੁਪਰੀਮ ਕੋਰਟ ਨੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ

ਨਵੀਂ ਦਿੱਲੀ, 6 ਮਾਰਚ, (ਪੋਸਟ ਬਿਊਰੋ)- ਅਯੁੱਧਿਆ ਵਿੱਚ ਜਿਸ ਥਾਂ ਬਾਬਰੀ ਮਸਜਿਦ ਢਾਹੀ ਗਈ ਸੀ, ਉਸ ਜ਼ਮੀਨ ਦੀ ਮਾਲਕੀ ਲਈ ਚੱਲਦੇ ਰਾਮ ਜਨਮ ਭੂਮੀ ਬਨਾਮ ਬਾਬਰੀ ਮਸਜਿਦ ਵਾਲੇ ਕੇਸ ਵਿੱਚ ਸੁਪਰੀਮ ਕੋਰਟ ਵਿਚ ਸੁਣਵਾਈ ਸ਼ੁਰੂ ਹੋ ਗਈ ਹੈ। ਅਦਾਲਤ ਇਸ ਕੇਸ ਨੂੰ ਹਿੰਦੂ-ਮੁਸਲਿਮ ਧਿਰਾਂ ਵਿਚਾਲੇ ਆਪਸੀ ਸਹਿਮਤੀ ਨਾਲ ਵਿਚੋਲਗੀ ਦੇ ਰਾਹੀਂ ਸੁਲਝਾਉਣ ਦਾ ਮੌਕਾ ਦੇਣ ਬਾਰੇ ਫ਼ੈਸਲਾ ਦੇਵੇਗੀ, ਜਿਸ ਵਿੱਚ ਅਦਾਲਤ ਤੈਅ ਕਰੇਗੀ ਕਿ ਦੋਵਾਂ ਧਿਰਾਂ ਵਿਚਾਲੇ ਸਹਿਮਤੀ ਨਾਲ ਵਿਵਾਦ ਸੁਲਝਾਉਣ ਵਿੱਚ ਵਿਚੋਲਗੀ ਕਿਹੜੀ ਧਿਰ ਕਰੇਗੀ।

ਵਰਨਣ ਯੋਗ ਹੈ ਕਿ ਅਯੁੱਧਿਆ ਦੇ ਰਾਮ ਜਨਮ ਭੂਮੀ ਮਾਮਲੇ ਦੀ ਸੁਣਵਾਈ ਕਰ ਰਹੀ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ ਬੀਤੀ 26 ਫਰਵਰੀ ਨੂੰ ਹਿੰਦੂ-ਮੁਸਲਮਾਨ ਦੋਵੇਂ ਪੱਖਾਂ ਵਿਚਾਲੇ ਵਿਚੋਲਗੀ ਤੇ ਆਪਸੀ ਸਹਿਮਤੀ ਨਾਲ ਵਿਵਾਦ ਨੂੰ ਸੁਲਝਾਉਣ ਦੀ ਤਜਵੀਜ਼ ਪੇਸ਼ ਕੀਤੀ ਸੀ। ਓਦੋਂ ਅਦਾਲਤ ਨੇ ਕਿਹਾ ਸੀ ਕਿ ਜੇ ਗੱਲਬਾਤ ਨਾਲ ਵਿਵਾਦ ਸੁਲਝਣ ਦੀ

### ਮੁਸਲਿਮ ਧਿਰ ਨੇ ਕਿਹਾ: ਅਸੀਂ ਮਾਮਲਾ ਮੁਕਾਉਣ ਨੂੰ ਤਿਆਰ

ਇਕ ਫ਼ੀਸਦੀ ਵੀ ਆਸ ਹੈ ਤਾਂ ਕੋਸ਼ਿਸ਼ ਕਰਨੀ ਚਾਹੀਦੀ ਹੈ। ਅੱਜ ਇਸ ਕੇਸ ਵਿੱਚ ਵਿਚੋਲਗੀ ਬਾਰੇ ਬਹਿਸ ਸੁਣਨ ਤੋਂ ਬਾਅਦ ਸੁਪਰੀਮ ਕੋਰਟ ਨੇ ਇਹ ਕੇਸ ਵਿਚੋਲਗੀ ਲਈ ਭੇਜਣ ਜਾਂ ਨਾ ਭੇਜਣ ਬਾਰੇ ਫੈਸਲਾ ਰਾਖਵਾਂ ਰੱਖ ਲਿਆ ਹੈ। ਚੀਫ ਜਸਟਿਸ ਰੰਜਨ ਗੋਗੋਈ ਨੇ ਦੋਵਾਂ ਧਿਰਾਂ ਨੂੰ ਕਿਹਾ ਕਿ ਅਦਾਲਤ ਇਸ ਬਾਰੇ ਛੇਤੀ ਹੀ ਫ਼ੈਸਲਾ ਦੇਵੇਗੀ। ਅਦਾਲਤ ਨੇ ਇਹ ਵੀ ਕਿਹਾ ਕਿ ਜੇ ਵਿਚੋਲਗੀ ਦੀ ਗੱਲ ਤੁਰ ਪੈਂਦੀ ਹੈ ਤਾਂ ਉਸ ਹਾਲਤ ਵਿੱਚ ਵਿਚੋਲਗੀ ਪੈਨਲ ਦੇ ਲਈ ਸਾਰੀਆਂ ਧਿਰਾਂ ਆਪੋ-ਆਪਣੇ ਵੱਲੋਂਮਰਜ਼ੀ ਦੇ ਨਾਂ ਅੱਜ ਹੀ ਦੇ ਦੇਣ। ਅੱਜ ਦੀ ਸੁਣਵਾਈ ਦੌਰਾਨ ਹਿੰਦੂ ਮਹਾ ਸਭਾ ਦੇ ਵਕੀਲ ਹਰੀਸ਼ੰਕਰ ਜੈਨ ਨੇ ਕਿਹਾ ਕਿ ਅਸਲ ਵਿੱਚ ਅਯੁੱਧਿਆ ਦਾ ਕੇਸ ਇੱਕ ਰਿਪ੍ਰਜ਼ੈਂਟੇਟਿਵ ਸੂਟ ਹੈ, ਜਿਸ ਨੂੰ ਵਿਚੋਲਗੀ ਲਈ ਭੇਜਣ ਤੋਂ



ਪਹਿਲਾਂ ਪਬਲਿਕ ਨੋਟਿਸ ਜਾਰੀ ਕਰਨਾ ਪਵੇਗਾ। ਝਗੜੇ ਦੀ ਇੱਕ ਧਿਰ ਨਿਰਮੋਹੀ ਅਖਾੜਾ ਨੂੰ ਛੱਡ ਕੇ ਰਾਮਲੱਲਾ ਬਿਰਾਜਮਾਨ ਵਾਲੇ ਟਰੱਸਟ ਸਮੇਤ ਸਾਰੀਆਂ ਹਿੰਦੂ ਧਿਰਾਂ ਨੇ ਇਸ ਕੇਸਵਿੱਚ ਵਿਚੋਲਗੀ ਦਾ ਰਸਤਾ ਵਰਤਣ ਬਾਰੇ ਵਿਰੋਧ ਕੀਤਾ ਹੈ, ਪਰ ਮੁਸਲਿਮ ਪਟੀਸ਼ਨਰਾਂ ਦੇ ਵਕੀਲ ਰਾਜੀਵ ਧਵਨ ਨੇ ਕਿਹਾ, 'ਮੁਸਲਿਮ ਪਟੀਸ਼ਨਰ ਇਸ ਕੇਸ ਵਿੱਚ ਵਿਚੋਲਗੀ ਅਤੇ ਸਮਝੌਤੇ ਲਈ ਤਿਆਰ ਹਨ।'

ਚੱਲਦੀ ਸੁਣਵਾਈ ਦੌਰਾਨ ਇੱਕ ਜੱਜ ਜਸਟਿਸ ਬੋਬਡੇ ਨੇ ਕਿਹਾ, 'ਇਹ ਮੁੱਦਾ ਭਾਵਨਾਵਾਂ ਨਾਲ ਸੰਬੰਧ ਰੱਖਦਾ ਹੈ, ਸ਼ਰਧਾ ਤੇ ਧਰਮ ਨਾਲ ਜੁੜਿਆ ਹੈ, ਸਾਨੂੰ ਵਿਵਾਦ ਦੀ ਗਹਿਰਾਈ ਦਾ ਅੰਦਾਜ਼ਾ ਹੈ।' ਉਨ੍ਹਾਂ ਕਿਹਾ ਕਿ ਇਹ ਕੇਸ ਮੁਕਾਉਣ ਲਈ ਇਕ ਵਿਚੋਲਾ ਨਹੀਂ ਹੋ ਸਕਦਾ, ਕਈ ਲੋਕਾਂ ਦਾ ਪੈਨਲ ਬਣਾਉਣਾ ਪਵੇਗਾ। ਜਸਟਿਸ ਬੋਬਡੇ ਨੇ ਕਿਹਾ, 'ਇਤਿਹਾਸ ਵਿਚ ਜੋ ਹੋਇਆ, ਉਸ ਉੱਤੇ ਸਾਡਾ ਕੰਟਰੋਲ ਨਹੀਂ। ਕਿਸ ਨੇ ਘੁਸਪੈਠ ਕੀਤੀ, ਕੌਣ ਰਾਜਾ ਸੀ, ਮੰਦਰ ਸੀ ਜਾਂ ਮਸਜਿਦ ਸੀ, ਪਤਾ ਨਹੀਂ,ਅਸੀਂ ਅੱਜ ਦੇ ਵਿਵਾਦ ਬਾਰੇ ਜਾਣਦੇ ਹਾਂ ਤੇ ਸਿਰਫ਼ ਕੇਸ ਸੁਲਝਾਉਣਾ ਚਾਹੁੰਦੇ ਹਾਂ।' ਉਨ੍ਹਾਂ ਕਿਹਾ, 'ਜਦੋਂ ਵਿਚੋਲਗੀ ਸ਼ੁਰੂ ਹੋਵੇਗੀ ਤਾਂ ਇਸ ਦੀ ਕੋਈ ਰਿਪੋਰਟਿੰਗ ਨਹੀਂ ਹੋਣੀ ਚਾਹੀਦੀ।'

ਅਦਾਲਤ ਨੇ ਆਪਣੇ ਇਸ ਵਿਚਾਰ ਉੱਤੇ ਸੰਬੰਧਤ ਧਿਰਾਂ ਦੀ ਰਾਏ ਪੁੱਛੀ ਸੀ, ਜਿਸ ਵਿਚ ਮੁਸਲਿਮ ਪੱਖ ਦੇ ਨਾਲ ਨਿਰਮੋਹੀ ਅਖਾੜਾ ਦੀ ਧਿਰ ਨੇ ਵੀ ਸਹਿਮਤੀ ਦਿੱਤੀ ਸੀ। ਰਾਮਲੱਲਾ ਬਿਰਾਜਮਾਨ, ਮਹੰਤ ਸੁਰੇਸ਼ ਦਾਸ ਤੇ ਅਖਿਲ ਭਾਰਤ ਹਿੰਦੂ ਮਹਾਸਭਾ ਨੇ ਇਸ ਸੋਚ ਦਾ ਵਿਰੋਧ ਕਰਦੇ ਹੋਏ ਅਦਾਲਤ ਨੂੰ ਇਸ ਦਾ ਜਲਦੀ ਫ਼ੈਸਲਾ ਸੁਣਾਉਣ ਦੀ ਬੇਨਤੀ ਕੀਤੀ ਸੀ। ਉਨ੍ਹਾਂ ਦੀ ਦਲੀਲ ਸੀ ਕਿ ਵਿਚੋਲਗੀ ਦੇ ਪਹਿਲੇ ਯਤਨਾਂ ਦਾ ਕੋਈ ਨਤੀਜਾ ਨਹੀਂਸੀ ਨਿਕਲਿਆ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
DEBT CONSOLIDATION • HOME EQUITY LOANS • HOME RENOVATION • WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by Upto 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
416.677.0047
Jaspal Singh Gahunia #M08006400

# ਕੀ ਚੀਨ ਨੂੰ ਹੋਣ ਵਾਲਾ ਕੈਨੋਲਾ ਐਕਸਪੋਰਟ ਸਿਆਸਤ ਦੀ ਭੇਟ ਚੜ੍ਹ ਗਿਆ ਹੈ?



ਓਟਵਾ, 6 ਮਾਰਚ (ਪੋਸਟ ਬਿਊਰੋ) : ਕੈਨੇਡਾ ਦੇ ਸੱਭ ਤੋਂ ਵੱਡੇ ਕੈਨੋਲਾ ਐਕਸਪੋਰਟਰ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਸਮਾਨ ਦੀ ਖੇਪ ਨੂੰ ਚੀਨ ਵੱਲੋਂ ਬਲਾਕ ਕਰ ਦਿੱਤਾ ਗਿਆ। ਇੱਥੇ ਹੀ ਬੱਸ ਨਹੀਂ ਕੰਪਨੀ ਦੇ ਵਾਈਜ਼ ਪ੍ਰੈਜ਼ੀਡੈਂਟ ਨੂੰ ਸ਼ੱਕ ਹੈ ਕਿ ਇਹ ਚਾਲ ਸਿਆਸਤ ਤੋਂ ਪ੍ਰੇਰਿਤ ਹੈ। ਰਿਚਰਡਸਨ ਇੰਟਰਨੈਸ਼ਨਲ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਜੀਨ ਮਾਰਕ ਰੁਏਸਟ ਨੇ ਦੱਸਿਆ ਕਿ ਕੰਪਨੀ ਨੂੰ ਸ਼ੁੱਕਰਵਾਰ ਨੂੰ ਇਹ ਪਤਾ ਲੱਗਿਆ ਹੈ ਕਿ ਉਨ੍ਹਾਂ ਦੀ ਕਸਟਮ ਰਜਿਸਟ੍ਰੇਸ਼ਨ ਮਨਸੂਖ ਕਰ ਦਿੱਤੀ ਗਈ ਹੈ। ਇੱਥੇ ਦੱਸਣਾ ਬਣਦਾ ਹੈ ਕਿ ਚੀਨ ਦੀ ਟੈਲੀਕੌਮ ਕੰਪਨੀ ਮੈਂਗ ਵਾਨਜ਼ੋਊ ਦੀ ਐਗਜ਼ੈਕਟਿਵ ਨੂੰ ਅਮਰੀਕਾ ਦੇ ਪੱਖ ਉੱਤੇ ਕੈਨੇਡਾ ਵਿੱਚ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਤੋਂ ਹੀ ਇਸ ਸਮੇਂ ਚੀਨ ਤੇ ਕੈਨੇਡਾ ਵਿੱਚ ਤਣਾਅਪੂਰਨ ਸਬੰਧ ਚੱਲ ਰਹੇ ਹਨ।

ਰੁਏਸਟ ਨੇ ਦੱਸਿਆ ਹਾਲਾਂਕਿ ਚੀਨ ਨੇ ਪਹਿਲਾਂ ਵੀ ਕੈਨੇਡੀਅਨ ਕੈਨੋਲਾ ਐਕਸਪੋਰਟਸ ਵਿੱਚ ਬੈਕਟੀਰੀਆ ਤੇ ਕੀੜੇ ਮਿਲਣ ਦੀ ਗੱਲ ਆਖੀ ਸੀ। ਪਰ ਰੁਏਸਟ ਨੇ ਆਖਿਆ ਕਿ ਉਸ ਨੂੰ ਨਹੀਂ ਲੱਗਦਾ ਕਿ ਕੁਆਲਿਟੀ ਸਬੰਧੀ ਕੋਈ ਮੁੱਦਾ ਕਦੇ ਵੀ ਸੀ। ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਮੰਗਲਵਾਰ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਕੀ ਉਨ੍ਹਾਂ ਦਾ ਮੰਨਣਾ ਹੈ ਕਿ ਰਿਚਰਡਸਨ ਦੀ ਰਜਿਸਟ੍ਰੇਸ਼ਨ ਦੋਵਾਂ ਮੁਲਕਾਂ ਦੇ ਵਿਵਾਦ ਕਾਰਨ ਰੱਦ ਹੋਈ ਹੈ। ਫਰੀਲੈਂਡ ਨੇ ਆਖਿਆ ਕਿ ਉਹ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਇਸ ਦਾ ਕੋਈ ਵਿਗਿਆਨਕ ਆਧਾਰ ਹੈ। ਫਰੀਲੈਂਡ ਨੇ ਆਖਿਆ ਕਿ ਉਹ ਕੈਨੋਲਾ ਕਿਸਾਨ ਦੀ ਧੀ ਹੈ ਤੇ ਇਸ ਲਈ ਕੈਨੋਲਾ ਟਰੇਡ ਉਨ੍ਹਾਂ ਨੂੰ ਬਹੁਤ ਅਜ਼ੀਜ਼ ਹੈ। ਉਨ੍ਹਾਂ ਆਖਿਆ ਕਿ ਇਹ ਕਾਰੋਬਾਰ ਦੋਵਾਂ ਧਿਰਾਂ ਲਈ ਹੀ ਫਾਇਦੇਮੰਦ ਹੈ ਤੇ ਕੈਨੇਡੀਅਨ ਸਰਕਾਰ ਇਸ ਮਾਮਲੇ ਦੇ ਸਬੰਧ ਵਿੱਚ ਚੀਨ ਦੀ ਸਰਕਾਰ ਨਾਲ ਵੀ ਗੱਲਬਾਤ ਕਰ ਰਹੀ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਉਮਰਾਨੰਗਲ ਨੂੰ ਜੇਲ੍ਹ ਵਿੱਚ ਮਿਲ ਕੇ ਆਏ ਪੁਲਸ ਵਾਲਿਆਂ ਉੱਤੇ ਕਾਰਵਾਈ ਹੋਵੇਗੀ

ਪਟਿਆਲਾ, 6 ਮਾਰਚ (ਪੋਸਟ ਬਿਊਰੋ)- ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ ਵਿੱਚ ਗ੍ਰਿਫਤਾਰੀ ਪਿੱਛੋਂ ਪੰਜਾਬ ਪੁਲਸ ਦੇ ਸਸਪੈਂਡ ਕੀਤੇ ਹੋਏ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨਾਲ ਜੇਲ੍ਹ ਵਿੱਚ ਮੁਲਾਕਾਤ ਕਰਨ ਵਾਲੇ ਇੱਕ ਦਰਜਨ ਤੋਂ ਵੱਧ ਪੁਲਸ ਅਫਸਰਾਂ ਦੇ ਖਿਲਾਫ ਪੰਜਾਬ ਸਰਕਾਰ ਨੇ 'ਵਿਭਾਗੀ ਕਾਰਵਾਈ ਕਰਨ' ਦਾ ਫੈਸਲਾ ਲਿਆ ਹੈ।

ਇਸ ਸੰਬੰਧ ਵਿੱਚ ਪਤਾ ਲੱਗਾ ਹੈ ਕਿ ਕੁਝ ਵੀ ਆਈ ਪੀ ਮਹਿਮਾਨਾਂ ਨੂੰ ਇਸ ਜੇਲ੍ਹ ਦੀਆਂ ਬੈਰਕਾਂ ਤੱਕ ਜਾਣ ਦੀ ਆਗਿਆ ਦਿੱਤੇ ਜਾਣ ਦੀਆਂ ਰਿਪੋਰਟਾਂ ਮਿਲਣ ਪਿੱਛੋਂ ਪਟਿਆਲਾ ਦੀ ਕੇਂਦਰੀ ਜੇਲ੍ਹ ਦੇ ਅਧਿਕਾਰੀਆਂ ਨੂੰ ਉਮਰਾਨੰਗਲ ਦੇ ਜੇਲ੍ਹ ਵਿੱਚ ਲਿਆਂਦੇ ਜਾਣ ਤੋਂ ਲੈ ਕੇ ਅੱਜ ਤੱਕ ਸਾਰੀ ਸੀ ਸੀ ਟੀ ਵੀ ਫੁਟੇਜ ਜਮ੍ਹਾਂ ਪੇਸ਼ ਕਰਨ ਨੂੰ ਕਿਹਾ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਏ ਆਈ ਜੀ ਰੈਂਕ ਤੋਂ ਸਬ ਇੰਸਪੈਕਟਰ ਰੈਂਕ ਤੱਕ ਦੇ ਇੱਕ ਦਰਜਨ ਤੋਂ ਵੱਧ ਪੁਲਸ ਅਫਸਰਾਂ ਨੇ ਜੇਲ੍ਹ ਵਿੱਚ ਜਾ ਕੇ ਪਰਮਰਾਜ ਸਿੰਘ ਉਮਰਾਨੰਗਲ ਨਾਲ ਮੁਲਾਕਾਤ ਕੀਤੀ ਸੀ। ਇਕ ਸੀਨੀਅਰ ਅਧਿਕਾਰੀ ਦੇ ਮੁਤਾਬਕ 'ਇਨ੍ਹਾਂ ਵਿੱਚੋਂ ਕੁਝ ਅਫਸਰ ਤਾਂ ਕਈ ਵਾਰ ਜੇਲ੍ਹ ਨਿਯਮਾਂ ਦੀ ਪ੍ਰਵਾਹ ਕੀਤੇ ਬਗੈਰ ਬੈਰਕ ਤੱਕ ਗਏ ਹਨ। ਕਈ ਆਪਣੀ ਤਾਇਨਾਤੀ ਵਾਲੀਆਂ ਥਾਵਾਂ ਛੱਡ ਕੇ ਜੇਲ੍ਹ ਵਿੱਚ ਉਮਰਾਨੰਗਲ ਨੂੰ ਮਿਲਣ ਅਤੇ ਉਸ ਨਾਲ ਖਾਣਾ ਖਾਣ ਆਏ ਹਨ। ਪੰਜਾਬ ਦੇ ਜੇਲ੍ਹਾਂ ਬਾਰੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦੋਸ਼ੀ ਅਫਸਰਾਂ ਵਿਰੁੱਧ ਸਖਤ ਕਾਰਵਾਈ ਦੀ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਉਹ ਇਹ ਕੇਸ ਮੁੱਖ ਮੰਤਰੀ, ਜਿਨ੍ਹਾਂ ਕੋਲ ਗ੍ਰਹਿ ਮੰਤਰਾਲਾ ਵੀ ਹੈ, ਕੋਲ ਲਿਜਾਣਗੇ। ਉਨ੍ਹਾਂ ਕਿਹਾ, 'ਮੈਂ ਸਾਫ ਕਰ ਦਿਆਂ ਕਿ ਅਨੁਸ਼ਾਸਨ ਭੰਗ ਕਰਨ ਦੀ ਕਾਰਵਾਈ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਅਕਾਲੀਆਂ ਦੀਆਂ ਮੀਟਿੰਗਾਂ ਕਰਾਉਣ ਵਿੱਚ ਮਦਦ ਕਰਨ ਵਾਲੇ ਜੇਲ੍ਹ ਸੁਪਰਡੈਂਟ ਨੂੰ ਤਾਂ ਸਸਪੈਂਡ ਕਰ ਦਿੱਤਾ ਗਿਆ ਹੈ ਅਤੇ ਜਿਹੜੇ ਪੁਲਸ ਅਫਸਰ ਕਾਨੂੰਨ ਦੀ ਉਲੰਘਣਾ ਕਰਦੇ ਹਨ, ਉਨ੍ਹਾਂ ਨੂੰ ਵੀ ਛੱਡਿਆ ਨਹੀਂ ਜਾਵੇਗਾ।' ਜੇਲ੍ਹ ਮੰਤਰੀ ਨੂੰ ਮਿਲੀ ਸੂਚੀ ਵਿੱਚ ਏ ਆਈ ਜੀ ਗੁਰਿੰਦਰ ਸਿੰਘ, ਐਸ ਪੀ ਰੈਂਕ ਦੇ ਅਫਸਰ ਸੁਖਦੇਵ ਸਿੰਘ, ਜਸਕਰਨ ਸਿੰਘ, ਕੇਸਰ ਸਿੰਘ, ਬਲਵਿੰਦਰ ਸਿੰਘ ਤੇ ਹਰਿੰਦਰ ਵਿਰਕ ਦੇ ਨਾਂ ਸ਼ਾਮਲ ਹਨ। ਇਸ ਤੋਂ ਇਲਾਵਾ ਸਾਬਕਾ ਪੁਲਸ ਅਫਸਰ ਹਰਿੰਦਰ ਸਿੰਘ ਚਾਹਲ, ਗੁਰਨਾਮ ਸਿੰਘ, ਸ਼ਮਸ਼ੇਰ ਸਿੰਘ ਗੁੱਡੂ ਸਮੇਤ ਕੁਝ ਹੋਰਾਂ ਉੱਤੇ ਵੀ ਨਜ਼ਰ ਹੈ। ਜਾਣਕਾਰ ਸੂਤਰਾਂ ਅਨੁਸਾਰ ਮੁੱਖ ਮੰਤਰੀ ਨੂੰ ਸਾਰੇ ਕੇਸ ਦੀ ਜਾਣਕਾਰੀ ਮਿਲ ਗਈ ਹੈ ਅਤੇ ਉਨ੍ਹਾਂ ਨੇ ਇਸ ਬਾਰੇ ਰਿਪੋਰਟ ਮੰਗ ਲਈ ਹੈ। ਸੀਨੀਅਰ ਅਫਸਰਾਂ ਨੇ ਮੰਨਿਆ ਕਿ ਕਈ ਅਕਾਲੀ ਆਗੂਆਂ ਤੇ ਪੁਲਸ ਅਫਸਰਾਂ ਨੇ ਆਪਣੀ ਪਹੁੰਚ ਵਰਤ ਕੇ ਜੇਲ੍ਹ ਵਿੱਚ ਉਮਰਾਨੰਗਲ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੇ ਜੇਲ੍ਹ ਦੇ ਰਜਿਸਟਰ ਵਿੱਚ ਐਂਟਰੀ ਕਰਨੀ ਵੀ ਜ਼ਰੂਰੀ ਨਹੀਂ ਸਮਝੀ।

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੌਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

# ਕੋਟਕਪੂਰਾ ਗੋਲੀਕਾਂਡ: ਸਾਬਕਾ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਵੀ ਘਿਰ ਗਿਆ

*** ਕੇਸ ਦਰਜ, ਜ਼ਮਾਨਤ ਤੋਂ ਇਨਕਾਰ, ਗ੍ਰਿਫ਼ਤਾਰੀ ਦੀ ਸ਼ੰਕਾ**

ਫਰੀਦਕੋਟ, 6 ਮਾਰਚ, (ਪੋਸਟ ਬਿਊਰੋ)- ਸਾਲ 2015 ਵਿੱਚ ਅਕਾਲੀ-ਭਾਜਪਾ ਸਰਕਾਰ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ ਬਹਿਬਲ ਕਲਾਂ ਤੇ ਕੋਟਕਪੂਰਾ ਵਿੱਚ ਰੋਸ ਕਰਦੇ ਲੋਕਾਂ ਉੱਤੇ ਪੁਲਸ ਗੋਲੀ ਦੇ ਕੇਸ ਵਿੱਚਉਸ ਵੇਲੇ ਦੇ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਨੂੰ ਵੱਡਾ ਝਟਕਾ ਲੱਗਾ ਹੈ। ਉਸ ਦੀ ਜ਼ਮਾਨਤ ਅਰਜ਼ੀ ਅਦਾਲਤ ਨੇ ਰੱਦ ਕਰ ਦਿੱਤੀ ਹੈ, ਜਿਸ ਪਿੱਛੋਂ ਉਨ੍ਹਾਂ ਉੱਤੇ ਗ੍ਰਿਫ਼ਤਾਰੀ ਦੀ ਤਲਵਾਰ ਲਟਕ ਗਈ ਹੈ।

ਅੱਜ ਬੁੱਧਵਾਰ ਨੂੰ ਜ਼ਿਲ੍ਹਾ ਸੈਸ਼ਨ ਜੱਜ ਫਰੀਦਕੋਟ ਹਰਪਾਲ ਸਿੰਘ ਦੀ ਅਦਾਲਤ ਵਿੱਚਸਾਬਕਾ ਵਿਧਾਇਕ ਮਨਤਾਰ ਸਿੰਘ ਬਰਾੜ ਦੀ ਜ਼ਮਾਨਤ ਅਰਜ਼ੀ ਉੱਤੇ ਸੁਣਵਾਈ ਹੋਈ ਤਾਂ ਅਦਾਲਤ ਨੇ ਅਰਜ਼ੀ ਰੱਦ ਕਰ ਦਿੱਤੀ ਹੈ। ਵਰਨਣ ਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ (ਐੱਸ ਆਈਟੀ) ਦੀ ਜਾਂਚ ਮੁਤਾਬਕ ਘਟਨਾ ਵਾਲੇ ਦਿਨ 14 ਅਕਤੂਬਰ 2015 ਨੂੰ ਕੋਟਕਪੂਰਾਵਿੱਚ ਧਰਨਾਕਾਰੀਆਂ ਉੱਤੇ ਪੁਲਿਸ ਫੋਰਸ ਦੀ ਵਰਤੋਂ ਕੀਤੇ ਜਾਣਤੋਂ ਪਹਿਲਾਂ ਉਸ ਵੇਲੇ ਦੇ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਦੀ ਪੰਜਾਬ ਪੁਲਸ ਦੇ ਮੁਖੀ ਸੁਮੇਧ ਸਿੰਘ ਸੈਣੀ ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਵਿਸ਼ੇਸ਼ ਪ੍ਰਿੰਸੀਪਲ ਸੈਕਟਰੀ ਗਗਨਦੀਪ ਸਿੰਘ ਬਰਾੜ ਨੇ ਚਾਰ ਵਾਰ ਫੋਨ ਉੱਤੇ ਗੱਲ ਕੀਤੀ ਸੀ। ਇਸ ਬਾਰੇ ਵਿੱਚ ਮਨਤਾਰ ਸਿੰਘ ਬਰਾੜ ਦਾ ਕਹਿਣਾ ਹੈ ਕਿ ਹਾਲਾਤ ਮੁਤਾਬਕ ਆਪਣੇ ਮੁੱਖ ਮੰਤਰੀ ਨਾਲ ਗੱਲ ਕਰਨਾ ਗੁਨਾਹ ਨਹੀਂ ਬਣ ਸਕਦਾ। ਉਨ੍ਹਾ ਨੇ ਕਿਹਾ ਕਿ ਕੋਟਕਪੂਰਾ ਗੋਲੀਕਾਂਡ ਵੇਲੇ ਜੋ ਹਾਲਾਤ ਬਣੇ ਸਨ, ਵਿਧਾਇਕ ਵਜੋਂ ਉਨ੍ਹਾਂ ਨੇ ਉਹ ਸਭ ਪੁਲਿਸ ਤੇ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਦੇ ਨਾਲ ਉਸ ਵੇਲੇ ਦੇ ਮੁੱਖ ਮੰਤਰੀ ਦੇ ਧਿਆਨ ਵਿਚ ਲਿਆਂਦਾ ਸੀ। ਦੂਸਰੇ ਪਾਸੇ ਉਨ੍ਹਾ ਲਈ ਮੁਸ਼ਕਲ ਇਸ ਗੱਲ ਨਾਲ ਬਣ ਗਈ ਹੈ ਕਿ ਉਸ ਵਕਤ ਦੇ ਐੱਸ ਡੀ ਐੱਮ ਪੱਧਰ ਦੇ ਦੋ ਅਧਿਕਾਰੀ ਅਦਾਲਤ ਵਿੱਚ ਜਾ ਕੇ ਆਪਣੇ ਬਿਆਨ ਦਰਜ ਕਰਵਾ ਚੁੱਕੇ ਹਨ, ਜਿਸ ਨਾਲ ਗੱਲ ਅੱਗੇ ਵਧ ਗਈ ਹੈ ਤੇ ਇਸ ਦੇ ਬਾਅਦ ਸਾਬਕਾ ਵਿਧਾਇਕ ਮਨਤਾਰ ਸਿੰਘ ਬਰਾੜ ਦੀ ਕਿਸੇ ਵੇਲੇ ਵੀ ਗ੍ਰਿਫ਼ਤਾਰੀ ਦੀ ਸੰਭਾਵਨਾ ਬਹੁਤ ਜ਼ਿਆਦਾ ਵਧ ਗਈ ਹੈ।

# ਰਾਫੇਲ ਕੇਸ ਦੀ ਸੁਣਵਾਈ ਫਿਰ ਟਲੀ, ਮੰਤਰਾਲੇ ਤੋਂ ਇਸ ਕੇਸ ਦੇ ਕਾਗਜ਼ ਚੋਰੀ ਹੋਏ ਦੱਸੇ ਗਏ

ਨਵੀਂ ਦਿੱਲੀ, 6 ਮਾਰਚ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਫਰਾਂਸ ਤੋਂ ਖਰੀਦੇ ਰਾਫੇਲ ਜੰਗੀ ਜਹਾਜ਼ਾਂ ਦੇ ਕੇਸ ਵਿੱਚ ਹੋਏ ਘਪਲੇ ਬਾਰੇ ਅੱਜ ਬੁੱਧਵਾਰ ਸੁਪਰੀਮ ਕੋਰਟ ਵਿੱਚ ਬਹਿਸ ਤੋਂ ਬਾਅਦ ਕਾਰਵਾਈ ਟਾਲ ਦਿੱਤੀ ਗਈ। ਸਰਕਾਰ ਵੱਲੋਂ ਪੇਸ਼ ਹੋਏ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਇਸ ਕੇਸ ਵਿੱਚ ਅਦਾਲਤ ਨੂੰ ਸੰਜਮ ਵਰਤਣ ਨੂੰ ਕਿਹਾ ਤਾਂ ਚੀਫ ਜਸਟਿਸ ਰੰਜਨ ਗੰਗੋਈ, ਜਸਟਿਸ ਸੰਜੈ ਕਿਸ਼ਨ ਕੌਲ ਅਤੇ ਜਸਟਿਸ ਕੇ ਐੱਸ ਜੋਸਫ ਦੀ ਬੈਂਚ ਨੇ ਉਸ ਨੂੰ ਫਿਟਕਾਰ ਲਾਈ। ਅੱਗੋਂ ਅਦਾਲਤ ਇਸ ਕੇਸ ਦੀ ਸੁਣਵਾਈ 14 ਮਾਰਚ ਨੂੰ ਕਰੇਗੀ।

ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਸੁਪਰੀਮ ਕੋਰਟ ਨੂੰ ਕਿਹਾ ਕਿ ਅਦਾਲਤ ਦੀ ਟਿਪਣੀ ਦੀ ਵਿਰੋਧੀ ਧਿਰ ਰਾਜਨੀਤਕ ਵਰਤੋਂ ਵੀ ਕਰ ਸਕਦੀ ਹੈ, ਇਸ ਲਈ ਮੇਰੀ ਅਦਾਲਤ ਨੂੰ ਇਹ ਅਪੀਲ ਹੈ ਕਿ ਅਦਾਲਤ ਨੂੰ ਇਸ ਕੇਸ ਵਿੱਚ ਸੰਜਮ ਵਰਤਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਫੌਜ ਲਈ ਸਾਮਾਨ ਦੀ ਖਰੀਦ ਦੀ ਜੁਡੀਸ਼ਲ ਜਾਂਚ ਨਹੀਂ ਹੋ ਸਕਦੀ। ਵੇਣੂਗੋਪਾਲ ਨੇ ਕਿਹਾ ਹੈ ਕਿ ਰਾਫੇਲ ਲੜਾਕੂ ਜਹਾਜ਼ਾਂ ਦੀ ਲੋੜ ਹੈ,

## ਅਟਾਰਨੀ ਜਨਰਲ ਨੇ ਅਦਾਲਤ ਨੂੰ ਸੰਜਮ ਵਰਤਣ ਨੂੰ ਕਿਹਾ

ਬੇਸ਼ੱਕ ਸਾਲ 1960 ਦੇ ਦਹਾਕੇ ਵਾਲੇ ਮਿਗ-21 ਜਹਾਜ਼ਾਂ ਨੇ ਪਾਕਿਸਤਾਨ ਕੋਲ ਮੌਜੂਦ ਐੱਫ-16 ਦੇ ਖਿਲਾਫ ਚੰਗਾ ਪ੍ਰਦਰਸ਼ਨ ਕੀਤਾ ਹੈ, ਫਿਰ ਵੀ ਰਾਫੇਲ ਜਹਾਜ਼ਾਂ ਦੀ ਵੱਧ ਆਧੁਨਿਕ ਹੋਣ ਕਾਰਨ ਲੋੜ ਹੈ।

ਇਸ ਤੋਂ ਪਹਿਲਾਂ ਅਟਾਰਨੀ ਜਨਰਲਵੇਣੂਗੋਪਾਲ ਨੇ ਸੁਪਰੀਮ ਕੋਰਟ ਨੂੰਇਹ ਵੀ ਕਿਹਾ ਕਿ ਰਾਫੇਲ ਜਹਾਜ਼ ਸੌਦੇ ਨਾਲ ਸੰਬੰਧਤ ਦਸਤਾਵੇਜ਼ ਕਿਸੇ ਤਰ੍ਹਾਂ ਰੱਖਿਆ ਮੰਤਰਾਲੇ ਤੋਂ ਚੋਰੀ ਕੀਤੇ ਗਏ ਹਨ ਤੇ ਪਟੀਸ਼ਨਰ ਧਿਰ ਇਨ੍ਹਾਂ ਚੋਰੀ ਕੀਤੇ ਹੋਏ ਦਸਤਾਵੇਜ਼ਾਂ ਦੇ ਆਧਾਰ ਉੱਤੇ ਜਹਾਜ਼ਾਂ ਦੀ ਖਰੀਦ ਦੇ ਖਿਲਾਫ ਪਟੀਸ਼ਨਾਂ ਰੱਦ ਕਰਨ ਦੇ ਫੈਸਲੇ ਉੱਤੇ ਮੁੜ ਵਿਚਾਰ ਦੀ ਮੰਗ ਕਰਦੀ ਹੈ। ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਸੁਪਰੀਮ ਕੋਰਟ ਨੂੰ ਪੇਸ਼ ਹੋਈ ਰਿਵੀਊ ਪਟੀਸ਼ਨ ਵਿੱਚਇਹ ਦੋਸ਼ ਲਾਇਆ ਗਿਆ ਹੈ ਕਿ ਸੁਪਰੀਮ ਕੋਰਟ ਨੇ ਰਾਫੇਲ ਸੌਦੇ ਦੇ ਖਿਲਾਫ ਜਨਹਿਤ ਪਟੀਸ਼ਨਾਂ ਉੱਤੇਜਦੋਂ ਫੈਸਲਾ ਦਿੱਤਾ ਸੀ ਤਾਂ ਉਸ ਫੈਸਲੇ ਤੋਂ ਪਹਿਲਾਂ ਕੇਂਦਰ ਸਰਕਾਰ ਨੇ



ਮਹੱਤਵਪੂਰਨ ਤੱਥਾਂ ਬਾਰੇਸੁਪਰੀਮ ਕੋਰਟਤੋਂਓਹਲਾ ਰੱਖਿਆ ਸੀ। ਇਸ ਬਾਰੇ ਪਟੀਸ਼ਨਰ ਪ੍ਰਸ਼ਾਂਤ ਭੂਸ਼ਣ ਨੇ ਜਦੋਂ ਸੀਨੀਅਰ ਪੱਤਰਕਾਰ ਐੱਨ ਰਾਮ ਦੇ ਲੇਖ ਦਾ ਹਵਾਲਾ ਦਿੱਤਾ ਤਾਂ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਇਸ ਦੇ ਵਿਰੋਧ ਵਿੱਚ ਕਿਹਾ ਕਿ ਇਹ ਲੇਖ ਚੋਰੀ ਕੀਤੇ ਦਸਤਾਵੇਜ਼ਾਂ ਉੱਤੇ ਆਧਾਰਤ ਹੈ ਤੇ ਇਸ ਚੋਰੀ ਦੀ ਜਾਂਚ ਹੋ ਰਹੀ ਹੈ। ਵੇਣੂਗੋਪਾਲ ਨੇ ਇਹ ਵੀ ਕਿਹਾ ਕਿ ਇਸ ਪੱਤਰਕਾਰ ਦਾ ਪਹਿਲਾ ਲੇਖ 6 ਫਰਵਰੀ ਨੂੰ 'ਦ ਹਿੰਦੂ' ਵਿੱਚਛਪਿਆ ਅਤੇ ਬੁੱਧਵਾਰ ਦੇ ਐਡੀਸ਼ਨ ਵਿੱਚ ਵੀ ਇਕ ਹੋਰ ਖਬਰ ਛਪੀ ਹੈ, ਜਿਸ ਦਾ ਮਕਸਦ ਅਦਾਲਤੀ ਕਾਰਵਾਈ ਨੂੰ ਪ੍ਰਭਾਵਿਤ ਕਰਨਾ ਹੈ ਅਤੇ ਇਹ ਅਦਾਲਤ ਦਾ ਅਪਮਾਨ ਕਰਨ ਦੇ ਬਰਾਬਰ ਹੈ। ਵੇਣੂਗੋਪਾਲ ਨੇ ਕਿਹਾ ਕਿ ਪ੍ਰਸ਼ਾਂਤ ਭੂਸ਼ਣ ਜਿਹੜੇ ਦਸਤਾਵੇਜ਼ਾਂ ਦਾ ਭਰੋਸਾ ਕਰਦੇ ਹਨ, ਉਹ ਰੱਖਿਆ ਮੰਤਰਾਲੇ ਤੋਂ ਚੋਰੀ ਕੀਤੇ ਹੋਏ ਹਨ। ਉਨ੍ਹਾਂ ਕਿਹਾ ਹੈ ਕਿ ਰਾਫੇਲ ਸੌਦੇ ਨਾਲ ਜੁੜੇ ਦਸਤਾਵੇਜ਼ਾਂ ਦੀ ਚੋਰੀ ਦੇ ਕੇਸ ਦੀ ਜਾਂਚ ਚੱਲ ਰਹੀ ਹੈ।

ਅਸਲ ਵਿੱਚ ਪਹਿਲਾਂ ਇਸ ਜਹਾਜ਼ ਸੌਦੇ ਬਾਰੇ ਸੁਪਰੀਮ ਕੋਰਟ ਵੱਲੋਂ ਦਿੱਤੇ ਫੈਸਲੇ ਉੱਤੇ ਤਿੰਨ ਰੀਵਿਊ ਪਟੀਸ਼ਨਾਂ ਦਾਇਰ ਹੋਈਆਂ ਸਨ, ਜਿਨ੍ਹਾਂ ਉੱਤੇਚੀਫ ਜਸਟਿਸ ਰੰਜਨ ਗੰਗੋਈ, ਜਸਟਿਸ ਸੰਜੈ ਕਿਸ਼ਨ ਕੌਲ ਅਤੇ ਜਸਟਿਸ ਕੇ ਐੱਮ ਜੋਸਫ ਦੀ ਬੈਂਚ ਸੁਣਵਾਈ ਕਰ ਰਹੀ ਹੈ।ਸਾਬਕਾ ਕੇਂਦਰੀ ਮੰਤਰੀ ਯਸ਼ਵੰਤ ਸਿਨਹਾ, ਅਰੁਣ ਸ਼ੋਰੀ ਅਤੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਰਾਫੇਲ ਲੜਾਕੂ ਜਹਾਜ਼ਾਂ ਦੀ ਖਰੀਦ ਦੇ ਕੇਸ ਵਿੱਚ ਅਦਾਲਤ ਤੋਂ ਕੇਂਦਰ ਸਰਕਾਰ ਨੂੰ ਕਲੀਨ ਚਿੱਟ ਦੇਣ ਦੇ ਫੈਸਲੇ ਖਿਲਾਫਜਨਵਰੀ ਵਿੱਚ ਸੁਪਰੀਮ ਕੋਰਟ ਵਿੱਚਅਰਜ਼ੀ ਦਾਇਰ ਕੀਤੀ ਸੀ। ਪਟੀਸ਼ਨਰਾਂ ਦਾ ਦੋਸ਼ ਹੈ ਕਿ ਕੇਂਦਰ ਸਰਕਾਰ ਨੇ ਮਹੱਤਵ ਪੂਰਨ ਤੱਥ ਅਦਾਲਤ ਤੋਂ ਛੁਪਾ ਕੇ ਉਸ ਨੂੰ ਗੁਮਰਾਹ ਕੀਤਾ ਹੈ।

**ਪੰਜਾਬ ਸਰਕਾਰ ਦੇ ਵੱਡੇ ਫੈਸਲੇ**

# ਸੰਘਰਸ਼ ਕਰਦੇ ਟੀਚਰਾਂ ਤੇ ਨਰਸਾਂ ਨੂੰ ਫੁੱਲ ਸਕੇਲ ਉੱਤੇ ਰੈਗੂਲਰ ਕਰਨ ਦੀ ਮਨਜ਼ੂਰੀ



ਚੰਡੀਗੜ੍ਹ, 6 ਮਾਰਚ, (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਅੱਜ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਵੱਡਾ ਫ਼ੈਸਲਾ ਲੈਂਦੇ ਹੋਏ ਬਹੁਤ ਚਿਰ ਤੋਂ ਸੰਘਰਸ਼ ਕਰ ਰਹੇ 5178 ਕੈਟੇਗਰੀ ਵਾਲੇ ਟੀਚਰਾਂ ਨੂੰ ਪੱਕਾ ਕਰ ਦਿੱਤਾ ਹੈ। ਇਸ ਦੇ ਨਾਲ 650 ਨਰਸਾਂ ਨੂੰ ਵੀ ਪੱਕਾ ਕਰਨ ਦਾ ਫੈਸਲਾ ਹੋ ਗਿਆ ਹੈ। ਇਹ ਫ਼ੈਸਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਹੋਈ ਕੈਬਨਿਟ ਮੀਟਿੰਗ ਵਿਚ ਲਿਆ ਗਿਆ ਹੈ। ਕੈਬਨਿਟ ਨੇ ਇਨ੍ਹਾਂ ਸਾਰਿਆਂ ਨੂੰ ਫੁੱਲ ਸਕੇਲ ਉੱਤੇ ਰੈਗੂਲਰ ਕਰਨ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ ਅਤੇ ਇਹ ਲੋਕ 1 ਅਕਤੂਬਰ 2019 ਤੋਂ ਰੈਗੂਲਰ ਹੋਣਗੇ।

ਅਗਲੇ ਦਿਨਾਂ ਵਿੱਚ ਹੋ ਰਹੀਆਂ ਲੋਕ ਸਭਾ ਚੋਣਾਂ ਨੂੰ ਦੇਖ ਕੇ ਪੰਜਾਬ ਸਰਕਾਰ ਨੇ 5178 ਟੀਚਰਾਂ ਨੂੰ ਪੂਰੀ ਤਨਖ਼ਾਹ ਸਮੇਤ ਉਨ੍ਹਾਂ ਦੀਆਂ ਸੇਵਾਵਾਂ ਰੈਗੂਲਰ ਕਰ ਕੇ ਪੱਕੇ ਕਰਨ ਦਾ ਫੈਸਲਾ ਕੀਤਾ ਹੈ ਤੇ ਪਿਛਲੇ ਦਿਨਾਂ ਵਿੱਚ ਹੜਤਾਲ ਕਰ ਕੇ ਸਰਕਾਰ ਲਈ ਵੱਡੀ ਮੁਸ਼ਕਲਪੈਦਾ ਕਰ ਰਹੀਆਂ ਨਰਸਾਂ ਨੂੰ ਵੀ ਰੈਗੂਲਰ ਕਰਨ ਦਾ ਫੈਸਲਾ ਕਰ ਦਿੱਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਬੈਠਕ ਵਿੱਚਇਨ੍ਹਾਂ 650 ਨਰਸਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਦਾ ਫੈਸਲਾ ਹੋ ਗਿਆ, ਪਰ ਇਹ ਨਰਸਾਂ ਤਿੰਨ ਸਾਲ ਪ੍ਰੋਬੇਸ਼ਨ ਪੀਰੀਅਡ ਉੱਤੇ ਰਹਿਣਗੀਆਂ। ਇਸ ਦੌਰਾਨ ਉਨ੍ਹਾਂ ਨੂੰ ਸਰਕਾਰੀ ਨਿਯਮਾਂ ਮੁਤਾਬਿਕ ਬੇਸਿਕ ਤਨਖ਼ਾਹ ਮਿਲੇਗੀ।

ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਵਧਦੇ ਪ੍ਰਦੂਸ਼ਣ ਕਾਰਨ ਨੈਸ਼ਨਾਲ ਗ੍ਰੀਨ ਟ੍ਰਿਬਊਨਲ ਵਲੋਂਪੰਜਾਬ ਵਿਚ ਬੰਦ ਕਰਵਾਏ ਗਏ ਇਟਾਂ ਦੇ ਭੱਠਿਆਂ ਨੂੰ ਮੁੜ ਚਾਲੂ ਕਰਨ ਦੇ ਹੁਕਮ ਦਿੱਤੇ ਹਨ। ਇਨ੍ਹਾਂ ਭੱਠਿਆਂ ਨੂੰ ਸ਼ੁਰੂ ਕਰਨ ਦੇ ਲਈ ਕੁਝ ਸਰਤਾਂ ਰੱਖੀਆਂ ਗਈਆਂ ਹਨ। ਅਸਲ ਵਿੱਚ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੌਜੀ ਵੱਲੋਂ ਦਿੱਤੇ ਅੰਕੜਿਆਂ ਅਨੁਸਾਰ ਪੰਜਾਬ ਵਿਚ 482 ਇੱਟਾਂ ਦੇ ਭੱਠੇ ਪਹਿਲਾਂ ਨਵੀਂ ਤਕਨੀਕ ਨਾਲ ਬਦਲ ਚੁੱਕੇ ਸਨ ਅਤੇ 559 ਭੱਠੇ ਡਰਾਫਟ ਪਾਲਿਸੀ ਨਾਲ ਬਦਲਣ ਦੀ ਕਤਾਰ ਵਿਚ ਸਨ। ਪੰਜਾਬ ਵਿਚ ਕਰੀਬ 2800 ਇੱਟਾਂ ਦੇ ਭੱਠੇ ਹਨ, ਜੋ ਹਰ ਸਾਲ ਲਗਪਗ 15-20 ਬਿਲੀਅਨ ਇੱਟਾਂ ਬਣਾਉਂਦੇ ਹਨ।ਇਹ ਸਾਰੇ ਭਾਰਤ ਦੇ ਕੁੱਲ ਉਤਪਾਦਨ ਦਾ ਲਗਪਗ 8 ਫ਼ੀਸਦੀ ਹਨ ਤੇ ਭੱਠਾ ਉਦਯੋਗ ਵਿਚ ਲਗਪਗ ਲੱਖਾਂ ਮਜ਼ਦੂਰ ਕੰਮ ਕਰਦੇ ਹਨ।

ਅੱਜ ਦੀ ਮੀਟਿੰਗ ਦੌਰਾਨ ਸਰਕਾਰੀ ਮੁਲਾਜ਼ਮਾਂ ਨੂੰ ਮਹਾਰਾਸ਼ਟਰ ਸਰਕਾਰ ਦੀ ਸਕੀਮ ਵਾਂਗ ਇੰਪਰੂਵਮੈਂਟ ਟਰੱਸਟ ਅਤੇ ਲੋਕਲ ਬਾਡੀਜ਼ ਵਿਭਾਗ ਦੀ ਗਰੁੱਪ ਹਾਊਸਿੰਗ ਸੋਸਾਇਟੀ ਦੀ ਜ਼ਮੀਨ ਰਿਜ਼ਰਵ ਕੀਮਤ ਉੱਤੇ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਮੀਟਿੰਗ ਵਿੱਚ ਪੇਂਡੂ ਵਿਕਾਸ ਵਿਭਾਗ ਹੇਠਲੇ ਵੈਟਨਰੀ ਫਾਰਮਾਸਿਸਟਾਂ ਤੇ ਸਫ਼ਾਈ ਸੇਵਕਾਂ ਦਾ ਮਾਣ ਭੱਤਾ ਵਧਾ ਕੇ 8 ਹਜ਼ਾਰ ਤੋਂ 9 ਹਜ਼ਾਰ ਵੀ ਕੀਤਾ ਗਿਆ ਹੈ। ਇਹ ਭੱਤਾ ਮੁਲਾਜ਼ਮਾਂ ਨੂੰ ਜੁਲਾਈ ਤੋਂ ਮਿਲੇਗਾ।

# ਹਵਾਈ ਫੌਜ ਦਾ ਦਾਅਵਾ: ਬਾਲਾਕੋਟ ਵਿੱਚ 80 ਫ਼ੀਸਦੀ ਬੰਬ ਨਿਸ਼ਾਨੇ 'ਤੇ ਲੱਗੇ

ਨਵੀਂ ਦਿੱਲੀ, 6 ਮਾਰਚ, (ਪੋਸਟ ਬਿਊਰੋ)- ਪਿਛਲੇ ਹਫਤੇ ਪਾਕਿਸਤਾਨੀ ਕਬਜ਼ੇ ਵਾਲੇ ਖੇਤਰ ਦੇ ਬਾਲਾਕੋਟ ਵਿੱਚ ਜੈਸ਼-ਏ-ਮੁਹੰਮਦ ਦੇ ਅੱਤਵਾਦੀ ਅੱਡਿਆਂ ਨੂੰ ਤਬਾਹ ਕਰਨ ਲਈ ਭਾਰਤੀ ਹਵਾਈ ਫੌਜ ਵੱਲੋਂ ਕੀਤੇ ਹਮਲੇ ਬਾਰੇ ਹਵਾਈ ਫੌਜ ਦੀ ਕਮਾਂਡ ਵੱਲੋਂ ਸਰਕਾਰ ਨੂੰ ਵੱਡੀ ਜਾਣਕਾਰੀ ਪੇਸ਼ ਕਰਨ ਦਾ ਦਾਅਵਾ ਕੀਤਾ ਗਿਆ ਹੈ।

ਜਾਣਕਾਰ ਸੂਤਰਾਂ ਅਨੁਸਾਰ ਅੱਜ ਬੁੱਧਵਾਰ ਨੂੰ ਹਵਾਈ ਫ਼ੌਜ ਨੇ ਕੇਂਦਰ ਸਰਕਾਰ ਨੂੰ ਹਵਾਈ ਹਮਲੇ ਨਾਲ ਸੰਬੰਧਤ ਸਾਰੇ ਦਸਤਾਵਜ਼ ਸੌਂਪ ਦਿੱਤੇ ਹਨ, ਜਿਨ੍ਹਾਂ ਵਿਚ ਏਅਰ ਸਟ੍ਰਾਈਕ ਦੀਆਂ ਤਸਵੀਰਾਂ ਵੀ ਹਨ। ਨਾਲ ਇਹ ਦੱਸਿਆ ਗਿਆ ਹੈ ਕਿ ਉਨ੍ਹਾਂ ਦੇ ਜ਼ਿਆਦਾ ਨਿਸ਼ਾਨੇ ਸਹੀ ਲੱਗੇ ਸਨ। ਸੂਤਰਾਂ ਮੁਤਾ-ਬਕ ਹਵਾਈ ਫ਼ੌਜ ਨੇ ਸਰਕਾਰ ਨੂੰ 12 ਸਫੇ ਦੀ ਰਿਪੋਰਟ ਸੌਂਪੀ ਹੈ, ਜਿਸ ਵਿਚ ਹਵਾਈ ਫ਼ੌਜ ਵੱਲੋਂ ਬਾਲਾਕੋਟ ਦੇ ਖੇਤਰ ਵਿੱਚ ਕੀਤੇ ਹਮਲੇ ਬਾਰੇ ਹਾਈ ਰੈਜ਼ੂਲਿਊਸ਼ਨ ਤਸਵੀਰਾਂ ਵੀ ਦਿੱਤੀਆਂ ਹਨ। ਇਹ ਰਿਪੋਰਟ ਜਨਤਕ ਹੋਵੇਗੀ ਜਾਂ ਨਹੀਂ, ਇਸ ਦਾ ਫ਼ੈਸਲਾ ਸਰਕਾਰ ਕਰੇਗੀ। ਹਵਾਈ ਫ਼ੌਜ ਦੀ ਰਿਪੋਰਟ ਅਨੁਸਾਰ ਬਾਲਾਕੋਟ ਵਿੱਚ ਉਨ੍ਹਾਂ ਦੇ ਜਹਾਜ਼ਾਂ ਦੇ 80 ਫ਼ੀਸਦੀ ਨਿਸ਼ਾਨੇ ਸਹੀ ਲੱਗੇ ਅਤੇ ਜਿਹੜੇ ਬੰਬ ਸੁੱਟੇ ਗਏ, ਉਹ ਓਥੇ ਮੌਜੂਦ ਇਮਾਰਤਾਂ ਦਾ ਸਿੱਧਾ ਅੰਦਰ ਗਏ ਸਨ ਤੇਏਸੇ ਲਈ ਜੋ ਤਬਾਹੀ ਹੋਈ,

## ਸਰਕਾਰ ਨੂੰ ਹਵਾਈ ਫ਼ੌਜ ਨੇ ਸਬੂਤ ਸੌਂਪੇ



ਉਹ ਅੰਦਰ ਹੋਈ ਹੈ। ਰਿਪੋਰਟ ਮੁਤਾਬਕ ਜਿਹੜੀਆਂ ਮਿਜ਼ਾਈਲਾਂ ਦੀ ਵਰਤੋਂ ਕੀਤੀ ਗਈ,ਉਨ੍ਹਾਂ ਨੇ ਸਿੱਧਾ ਛੱਤ ਨੂੰ ਪਾੜਿਆ ਤੇ ਆਪਣੇ ਨਿਸ਼ਾਨੇ ਉੱਤੇ ਵਾਰ ਕੀਤਾ ਸੀ। ਇਸ ਲਈ ਓਥੇ ਸਾਰੇ ਟਾਰਗੇਟ ਤਬਾਹ ਹੋ ਗਏ ਸਨ। ਵਿਰੋਧੀ ਧਿਰਾਂ ਇਸ ਉੱਤੇ ਸਵਾਲ ਉਠਾ ਰਹੀਆਂ ਹਨ।

ਵਰਨਣ ਯੋਗ ਹੈ ਕਿ 14 ਫਰਵਰੀ ਵੱਲੋਂ ਜੈਸ਼-ਏ-ਮੁਹੰਮਦ ਵੱਲੋਂ ਜੰਮੂ-ਕਸ਼ਮੀਰ ਦੇ ਪੁਲਵਾਮਾ ਵਿੱਚ ਸੀ ਆਰ ਪੀ ਐੱਫ ਦੇ ਕਾਫਲੇ ਉੱਤੇ ਅੱਤਵਾਦੀ ਹਮਲਾ ਕਰਵਾਏ ਜਾਣ ਵਿਰੁੱਧ ਭਾਰਤੀ ਹਵਾਈ ਫ਼ੌਜ ਨੇ 26 ਫਰਵਰੀ ਨੂੰ ਪਾਕਿਸਤਾਨ ਵਿੱਚ ਦਾਖਲ ਹੋ ਕੇ ਜੈਸ਼-ਏ-ਮੁਹੰਮਦ ਦੇ ਅੱਡੇ ਤਬਾਹ ਕਰਨ ਦਾ ਦਾਅਵਾ ਕੀਤਾ ਸੀ। ਪਾਕਿਸਤਾਨ ਲਗਾਤਾਰ ਕਹਿ ਰਿਹਾ ਹੈ ਕਿ ਉਨ੍ਹਾਂ ਦਾ ਕੋਈ ਨੁਕਸਾਨ ਨਹੀਂ ਹੋਇਆ, ਸਿਰਫ਼ ਕੁਝ ਦਰੱਖ਼ਤ ਡਿੱਗੇ ਹਨ।ਇਸਕਾਰਨ ਇਸ ਹਮਲੇ ਦੇ ਸਬੂਤ ਸਾਹਮਣੇ ਰੱਖਣ ਦੀ ਮੰਗ ਉੱਠ ਰਹੀ ਸੀ। ਹਵਾਈ ਫ਼ੌਜ ਨੇ ਆਪਣੇ ਅਧਿਕਾਰਤ ਬਿਆਨ ਵਿਚ ਆਖਿਆ ਸੀ ਕਿ ਉਨ੍ਹਾਂ ਦਾ ਮਿਸ਼ਨ ਪੂਰੀ ਤਰ੍ਹਾਂ ਸਫਲ ਸੀ, ਇਸ ਕੇਸ ਦੇ ਸਬੂਤਦਿਖਾਉਣ ਦਾ ਫ਼ੈਸਲਾ ਸਰਕਾਰ ਨੇ ਕਰਨਾ ਹੈ।

# ਮਹੰਤਾਂ ਵੱਲੋਂ ਚੜ੍ਹਾਵਾ ਇਕੱਠਾ ਕਰਨ ਬਾਰੇ ਰਿਪੋਰਟ ਅਦਾਲਤ ਨੇ ਮੰਗ ਲਈ

ਚੰਡੀਗੜ੍ਹ, 6 ਮਾਰਚ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਮਹੰਤਾਂ ਵੱਲੋਂ ਮੰਦਰਾਂ ਤੇ ਹੋਰ ਧਾਰਮਿਕ ਥਾਵਾਂ 'ਚੋਂ ਚੜ੍ਹਾਵਾ ਇਕੱਠਾ ਕਰਕੇ ਇਸ ਦੀ ਰਕਮ 'ਤੇ ਕਬਜ਼ਾ ਕਰਨ ਦੇ ਦੋਸ਼ ਵਾਲੀ ਇਕ ਸ਼ਿਕਾਇਤ ਉੱਤੇ ਸਰਵੇਖਣ ਕਰਕੇ ਰਿਪੋਰਟ ਦੇਣ ਲਈ ਕਹਿ ਦਿੱਤਾ ਹੈ। ਇਸ ਸ਼ਿਕਾਇਤ 'ਤੇ ਚੀਫ ਜਸਟਿਸ ਅਤੇ ਜਸਟਿਸ ਅਰੁਣ ਪੱਲੀ ਦੀ ਡਵੀਜ਼ਨ ਬੈਂਚ ਨੇ ਨੋਟਿਸ ਜਾਰੀ ਨਾ ਕਰ ਕੇ ਇਕ ਸੀਨੀਅਰ ਵਕੀਲ ਵਿਕਾਸ ਬਹਿਲ ਨੂੰ ਐਮੀਕਸ ਕਿਊਰੀ (ਅਦਾਲਤ ਮਿੱਤਰ) ਥਾਪਦੇ ਹੋਏ ਇਸ ਮਾਮਲੇ 'ਚ ਹਾਈ ਕੋਰਟ ਨੂੰ ਸਹਿਯੋਗ ਕਰਨ ਅਤੇ ਰਿਪੋਰਟ ਦੇਣ ਲਈ ਕਿਹਾ ਸੀ।

ਕੱਲ੍ਹ ਸੁਣਵਾਈ ਦੌਰਾਨ ਐਮੀਕਸ ਕਿਊਰੀ ਨੇ ਸ਼ਿਕਾਇਤ ਬਾਰੇ ਇਕ ਮੰਦਰ ਦੀ ਰਿਪੋਰਟ ਪੇਸ਼ ਕੀਤੀ, ਪਰ ਬੈਂਚ ਦੀ ਇਸ ਤੋਂ ਤਸੱਲੀ ਨਹੀਂ ਹੋਈ ਤੇ ਜੱਜਾਂ ਨੇ ਕਿਹਾ ਕਿ ਸਮੁੱਚੇ ਪੰਜਾਬ ਦੀਆਂ ਅਜਿਹੀਆਂ ਸਾਰੀਆਂ ਧਾਰਮਿਕ ਸੰਸਥਾਵਾਂ ਬਾਰੇ ਰਿਪੋਰਟ ਦਿੱਤੀ ਜਾਵੇ, ਜਿਥੇ ਮਹੰਤਾਂ ਤੇ ਅਜਿਹੇ ਹੋਰ ਲੋਕਾਂ ਵੱਲੋਂ ਚੜ੍ਹਾਵਾ ਇਕੱਠਾ ਕੀਤੇ ਜਾਣ ਦਾ ਸ਼ੱਕ ਹੈ। ਇਸ ਦੇ ਲਈ ਐਮੀਕਸ ਕਿਊਰੀ ਨੂੰ ਤਿੰਨ ਹਫਤਿਆਂ ਦਾ ਸਮਾਂ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਹਰਿਆਣਾ ਦੇ ਅੰਬਾਲਾ ਜ਼ਿਲੇ ਦੇ ਪਿੰਡ ਸਮਾਲਖਾ ਦੇ ਅਨੂਪ ਸਿੰਘ ਅਤੇ ਦਲਬੀਰ ਸਿੰਘ ਨੇ ਸੈਸ਼ਨ ਜੱਜ ਅੰਬਾਲਾ ਨੂੰ ਪੱਤਰ ਲਿਖ ਕੇ ਧਿਆਨ ਦਿਵਾਇਆ ਸੀ ਕਿ ਪਿੰਡ 'ਚ ਠਾਕੁਰ ਦੁਆਰਾ ਸ੍ਰੀ ਕ੍ਰਿਸ਼ਨ ਮੰਦਰ 'ਚ ਬੇਹਿਸਾਬ ਚੜ੍ਹਾਵਾ ਚੜ੍ਹਦਾ ਹੈ, ਪਰ ਸਾਰੀ ਰਾਸ਼ੀ ਮੰਦਰ 'ਚ ਬੈਠੇ ਮਹੰਤ ਸੋਹਨ ਦਾਸ ਤੇ ਦਿਨੇਸ਼ ਦਾਸ ਆਪ ਲੈ ਜਾਂਦੇ ਹਨ ਤੇ ਇਸ ਤਰ੍ਹਾਂ ਨਾਲ ਸ਼ਰਧਾਲੂਆਂ ਵੱਲੋਂ ਦਿੱਤਾ ਚੰਦਾ ਜਾਂ ਚੜ੍ਹਾਵਾ ਕੁਝ ਵਿਅਕਤੀਆਂ ਕੋਲ ਜਾ ਰਿਹਾ ਹੈ ਅਤੇ ਇਹੋ ਜਿਹੀਆਂ ਥਾਵਾਂ 'ਤੇ ਸਰਕਾਰੀ ਕੰਟਰੋਲ ਜਾਂ ਨਜ਼ਰ ਰੱਖੀ ਜਾਣੀ ਚਾਹੀਦੀ ਹੈ।

# ਨਕਲੀ ਮਾਲ ਵਿਕਦਾ ਫੜਿਆ

ਜਲੰਧਰ, 6 ਮਾਰਚ (ਪੋਸਟ ਬਿਊਰੋ)- ਪੁਲਸ ਨੇ ਇਸ ਮਹਾਂਨਗਰ ਦੀ ਰੇਲਵੇ ਰੋਡ ਉੱਤੇ ਸਿੰਘ ਮਿਊਜ਼ਿਕ ਸੈਂਟਰ ਵਿੱਚ ਰੇਡ ਕਰ ਕੇ ਮਿਊਜ਼ਿਕ ਸਿਸਟਮ ਦੇ ਜਾਅਲੀ ਮਾਰਕੇ ਵਾਲਾ ਸਾਮਾਨ ਫੜਿਆ ਹੈ। ਅਸਲ ਕੰਪਨੀ ਦੀ ਸ਼ਿਕਾਇਤ 'ਤੇ ਥਾਣਾ ਤਿੰਨ ਦੀ ਪੁਲਸ ਨੇ ਸਿੰਘ ਮਿਊਜ਼ਿਕ ਸੈਂਟਰ ਦੇ ਮਾਲਕ ਦਵਿੰਦਰ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਬਸ਼ੀਰਪੁਰਾ ਖਿਲਾਫ ਕਾਪੀ ਐਕਟ ਦਾ ਕੇਸ ਦਰਜ ਕਰ ਲਿਆ ਹੈ।

ਇਸ ਬਾਰੇ ਥਾਣਾ ਨੰਬਰ ਤਿੰਨ ਦੇ ਮੁਖੀ ਸੁਖਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਮਿਊਜ਼ਿਕ ਸਿਸਟਮ ਬਣਾਉਣ ਵਾਲੀ ਕੰਪਨੀ ਨੈਕਸੋ ਦੇ ਅਧਿਕਾਰੀ ਰਾਜਿੰਦਰ ਸਿੰਘ ਵਾਸੀ ਚਮਕੌਰ ਸਾਹਿਬ ਨੇ ਆ ਕੇ ਸ਼ਿਕਾਇਤ ਦਿੱਤੀ ਸੀ ਕਿ ਸਿੰਘ ਮਿਊਜ਼ਿਕ ਸੈਂਟਰ ਉੱਤੇ ਉਨ੍ਹਾਂ ਦੀ ਕੰਪਨੀ ਦਾ ਲੋਗੋ ਲਗਾ ਕੇ ਜਾਅਲੀ ਸਾਮਾਨ ਵੇਚਿਆ ਜਾ ਰਿਹਾ ਹੈ। ਉਨ੍ਹਾਂ ਨੇ ਜਦ ਕੰਪਨੀ ਦੇ ਅਧਿਕਾਰੀਆਂ ਨਾਲ ਮਿਲ ਕੇ ਰੇਡ ਕੀਤੀ ਤਾਂ ਦੁਕਾਨ ਤੋਂ ਮਿਊਜੀਕਲ ਮਿਕਸਚਰ, ਮਾਈਕ, ਐਂਪਲੀਫਾਇਰ ਤੇ ਕੰਪਨੀ ਦਾ ਹੋਰ ਡੁਪਲੀਕੇਟ ਸਾਮਾਨ ਬਰਾਮਦ ਕੀਤਾ ਗਿਆ। ਇਸ ਮੌਕੇ ਪੁਲਸ ਨੇ ਦੁਕਾਨ ਮਾਲਕ ਦਵਿੰਦਰ ਸਿੰਘ ਖਿਲਾਫ ਕੇਸ ਦਰਜ ਕਰ ਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
Ministry Approved Salvage Inspection Station
We deal with all insurance companies
Body Centre
308 Rutherford Road Brampton
905-874-9878
Daljit Singh, President
Skydome Emission & Allignment Centre Inc.
210 Rutherford Rd., Brampton
905-450-9878
We sell quality used cars
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

Paramjit Deol CELL: 416-993-7378
Broker 7071 Airport Rd, Suit 201, Mississauga, ON
1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage*
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

Business for Sale
TORONTO $99,000 — 2481 Lakeshore Blvd W.
TORONTO $140,000 — 1051 Midland Ave
TORONTO $69,000 — 256 Brownsline Rd
BRAMPTON $54,900 — 255B Rutherford Rd S 06
BRAMPTON $199,000 — 8770 Gore Rd 6
MISSISSAUGA $159,900 — 2960 Drew Rd E 137
BRAMPTON $240,000 — 15 Ashby Field Rd 9
BRAMPTON $369,000 — 15 Brisdale Dr 7&8

House for Sale
BRANTFORD $525,000 — 118&120 Morrell St
BRAMPTON $349,000 — 4 Kings Cross Rd
BRAMPTON $699,900 — 3328 Victoria Ave.
BRAMPTON $789,000 — 29 Larkspur Rd.
BRAMPTON $179,000 — 384 Yonge St.11
TORONTO $899,000 — Keele / Finch/York University
BRAMPTON $910,000 — 18 Berwick Ave
CALEDON $1,009,999 — Mayfield & McVeen
*Canadian punjabi post assumes no responsibility for the accuracy of any information shown. Copyright Ppost 2019

# ਟਰੰਪ ਦੇ ਦਬਾਅ ਕਾਰਨ ਜਵਾਈ ਨੂੰ ਮਿਲੀ ਸੀ ਸੁਰੱਖਿਆ ਮਨਜ਼ੂਰੀ

ਵਾਸ਼ਿੰਗਟਨ, 6 ਮਾਰਚ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਆਦੇਸ਼ ’ਤੇ ਪਿਛਲੇ ਸਾਲ ਉਨ੍ਹਾਂ ਦੇ ਜਵਾਈ ਜੈਰੇਡ ਕੁਸ਼ਨਰ ਨੂੰ ਅਤਿਅੰਤ ਗੁਪਤ ਸੁਰੱਖਿਆ ਮਨਜ਼ੂਰੀ ਮਿਲੀ ਸੀ। ਇਸ ਨਾਲ ਟਰੰਪ ਦੇ ਸੀਨੀਅਰ ਸਲਾਹਕਾਰ ਕੁਸ਼ਨਰ ਦੀ ਸੰਵੇਦਨਸ਼ੀਲ ਜਾਣਕਾਰੀਆਂ ਤਕ ਪਹੁੰਚ ਹੋ ਗਈ ਸੀ।

ਨਿਊਯਾਰਕ ਟਾਈਮਜ਼ ਨੇ ਆਪਣੀ ਰਿਪੋਰਟ ’ਚ ਦਾਅਵਾ ਕੀਤਾ ਹੈ ਕਿ ਟਰੰਪ ਨੇ ਮਈ 2018 ਵਿੱਚ ਕੁਸ਼ਨਰ ਨੂੰ ਸੁਰੱਖਿਆ ਮਨਜ਼ੂਰੀ ਦਿਵਾਉਣ ਲਈ ਆਪਣੇ ਓਦੋਂ ਦੇ ਚੀਫ ਆਫ ਸਟਾਫ ਜੌਨ ਕੇਲੀ ਨੂੰ ਆਦੇਸ਼ ਦਿੱਤਾ ਸੀ ਜਦ ਕਿ ਕਈ ਮੁੱਖ ਸੁਰੱਖਿਆ ਅਧਿਕਾਰੀ ਇਸ ਦੇ ਵਿਰੁੱਧ ਸਨ। ਟਰੰਪ ਅਤੇ ਉਸ ਦੀ ਬੇਟੀ ਇਵਾਂਕਾ ਹਮੇਸ਼ਾ ਇਸ ਤੋਂ ਇਨਕਾਰ ਕਰਦੇ ਰਹੇ ਹਨ। ਨਿਊਯਾਰਕ ਟਾਈਮਜ਼ ’ਚ ਕੱਲ੍ਹ ਛਾਪੀ ਗਈ ਰਿਪੋਰਟ ਮੁਤਾਬਕ ਵ੍ਹਾਈਟ ਹਾਊਸ ਦੇ ਸਲਾਹਕਾਰ ਵਿਭਾਗ ਨੇ ਕੁਸ਼ਨਰ ਨੂੰ ਸੁਰੱਖਿਆ ਮਨਜ਼ੂਰੀ ਨਾ ਦੇਣ ਦੀ ਅਪੀਲ ਕੀਤੀ ਸੀ। ਅਖ਼ਬਾਰ ਨੇ ਆਪਣੀ ਰਿਪੋਰਟ ਦੇ ਪੱਖ ਵਿਚ ਦੋ ਪੱਤਰਾਂ ਦਾ ਹਵਾਲਾ ਵੀ ਦਿੱਤਾ ਹੈ। ਇਕ ਪੱਤਰ ਵਿਚ ਕੇਲੀ ਨੇ ਟਰੰਪ ਤੋਂ ਮਿਲੇ ਆਦੇਸ਼ ਦਾ ਜ਼ਿਕਰ ਕੀਤਾ ਹੈ ਜਦ ਕਿ ਦੂਜੇ ਵਿੱਚ ਵ੍ਹਾਈਟ ਹਾਊਸ ਸਲਾਹਕਾਰ ਵਿਭਾਗ ਦੇ ਓਦੋਂ ਦੇ ਮੁਖੀ ਡੌਨ ਮੈਕਾਹਨ ਇਸ ’ਤੇ ਵਿਰੋਧ ਕਰਦੇ ਰਹੇ ਹਨ। ਮੈਕਾਹਨ ਨੇ ਖ਼ੁਫ਼ੀਆ ਏਜੰਸੀ ਸੀ ਆਈ ਏ ਅਤੇ ਹੋਰਨਾਂ ਵੱਲੋਂ ਕੁਸ਼ਨਰ ਦੇ ਖ਼ਿਲਾਫ਼ ਚੁੱਕੇ ਕੇਸਾਂ ਦਾ ਵੀ ਜ਼ਿਕਰ ਕੀਤਾ ਹੈ। ਨਿਊਯਾਰਕ ਟਾਈਮਜ਼ ਨੇ ਇਸ ਤੋਂ ਪਹਿਲਾਂ ਜਨਵਰੀ ’ਚ ਛਪੀ ਰਿਪੋਰਟ ’ਚ ਦਾਅਵਾ ਕੀਤਾ ਸੀ ਕਿ ਦੋ ਸੁਰੱਖਿਆ ਅਧਿਕਾਰੀਆਂ ਨੇ ਕੁਸ਼ਨਰ ਦੀ ਅਰਜ਼ੀ ਨੂੰ ਰੱਦ ਕਰ ਦਿੱਤਾ ਸੀ।

ਕੁਸ਼ਨਰ ਦੇ ਵਕੀਲ ਏ ਬੀ ਲੋਵੇਲ ਨੇ ਤਾਜ਼ਾ ਰਿਪੋਰਟ ਨੂੰ ਰੱਦ ਕਰ ਦਿੱਤਾ ਹੈ। ਲੋਵੇਲ ਦੇ ਬੁਲਾਰੇ ਨੇ ਕਿਹਾ ਕਿ ਰਾਸ਼ਟਰਪਤੀ ਦੇ ਸੀਨੀਅਰ ਸਲਾਹਕਾਰ ਨੂੰ ਕਿਸੇ ਦਬਾਅ ਵਿੱਚ ਸੁਰੱਖਿਆ ਮਨਜ਼ੂਰੀ ਨਹੀਂ ਮਿਲੀ ਸੀ, ਪਰ ਰਾਸ਼ਟਰਪਤੀ ਭਵਨ ਨਾਲ ਜੁੜੇ ਮਾਮਲੇ ਦੇਖਣ ਵਾਲੀ ਅਮਰੀਕੀ ਪਾਰਲੀਮੈਂਟਰੀ ਕਮੇਟੀ ਨੇ ਇਸ ਨੂੰ ਗੰਭੀਰਤਾ ਨਾਲ ਲਿਆ ਹੈ। ਕਮੇਟੀ ਦੇ ਚੇਅਰਮੈਨ ਡੈਮੋਕ੍ਰੇਟ ਪਾਰਲੀਮੈਂਟ ਮੈਂਬਰ ਏਲਿਜਾ ਕਮਿਨਸ ਨੇ ਕਿਹਾ ਕਿ ਰਿਪੋਰਟ ਦਾ ਸੰਕੇਤ ਹੈ ਕਿ ਟਰੰਪ ਨੇ ਖ਼ੁਫ਼ੀਆ ਅਧਿਕਾਰੀਆਂ ਦੇ ਵਿਰੋਧ ਦੇ ਬਾਅਦ ਵੀ ਕੁਸ਼ਨਰ ਨੂੰ ਦੇਸ਼ ਦੀ ਸੁਰੱਖਿਆ ਨਾਲ ਜੁੜੇ ਸੰਵੇਦਨਸ਼ੀਲ ਡਾਟਾ ਤਕ ਪਹੁੰਚਣ ਦਾ ਅਧਿਕਾਰ ਦਿੱਤਾ ਸੀ। ਪਾਰਲੀਮੈਂਟਰੀ ਕਮੇਟੀ ਇਸ ਮਾਮਲੇ ਦੀ ਜਾਂਚ ਕਰੇਗੀ।

# 500 ਕਰੋੜ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਕਿੱਲਜ਼ ਇੰਸਟੀਚਿਊਟ ਬਣਨ ਲੱਗਾ

### * ਮੁੱਖ ਮੰਤਰੀ ਨੇ ਨੀਂਹ ਪੱਥਰ ਰੱਖਿਆ

ਚਮਕੌਰ ਸਾਹਿਬ, 6 ਮਾਰਚ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਏਥੇ ਦਾਣਾ ਮੰਡੀ ਵਿਖੇ 500 ਕਰੋੜ ਰੁਪਏ ਦੀ ਲਾਗਤ ਨਾਲ 42 ਏਕੜ ਵਿੱਚ ਬਣਾਏ ਜਾਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਸਕਿੱਲਜ਼ ਇੰਸਟੀਚਿਊਟ ਦਾ ਨੀਂਹ ਪੱਥਰ ਰੱਖਿਆ ਹੈ। ਇਸ ਮੌਕੇ ਉਨ੍ਹਾਂ ਨੇ ਚਮਕੌਰ ਸਾਹਿਬ ਨੂੰ ਨਗਰ ਕੌਂਸਲ ਦਾ ਦਰਜਾ ਦੇਣ ਦੀ ਸਿਧਾਂਤਕ ਪ੍ਰਵਾਨਗੀ ਦਿੰਦਿਆਂ ਏਥੇ ਕਈ ਵਿਕਾਸ ਪ੍ਰੋਜੈਕਟਾਂ ਦਾ ਵੀ ਐਲਾਨ ਕੀਤਾ।

ਇਸ ਮੌਕੇ ਕੀਤੇ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਆਪਣੇ 10 ਸਾਲਾਂ ਦੇ ਦੁਰ-ਪ੍ਰਬੰਧਵੇਲੇਅਕਾਲੀ ਆਗੂਆਂ ਨੇ ਗੁਰੂ ਘਰਾਂ ਦੀ ਸੰਭਾਲ ਤਕ ਨਹੀਂ ਕੀਤੀ। ਉਨ੍ਹਾਂ ਨੇ ਕਿਹਾ ਕਿ ਇਹ ਪ੍ਰੋਜੈਕਟ ਪਵਿੱਤਰ ਸ਼ਹਿਰ ਸ੍ਰੀ ਚਮਕੌਰ ਸਾਹਿਬ ਦਾ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਦੀ ਉਲੀਕੀ ਹੋਈ ਯੋਜਨਾ ਦਾ ਹਿਸਾ ਹੈ। ਮੁੱਖ ਮੰਤਰੀ ਨੇ ਵੱਡੇ ਸਾਹਿਬਜ਼ਾਦਿਆਂ ਅਜੀਤ ਸਿੰਘ ਅਤੇ ਜੁਝਾਰ ਸਿੰਘ ਦੇ ਨਾਂ ਉੱਤੇ ਇਸ ਸ਼ਹਿਰ ਵਿੱਚ ਦੋ ਗੇਟ ਉਸਾਰਨ ਦਾ ਵੀ ਐਲਾਨ ਕੀਤਾ ਤੇ 15.11 ਕਰੋੜ ਰੁਪਏ ਦੀ ਲਾਗਤ ਦੇ ਦੋ ਹੋਰ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਵਾਈ, ਜਿਨ੍ਹਾਂ ਵਿੱਚ 11.50 ਕਰੋੜ ਰੁਪਏ ਦੀ ਲਾਗਤ ਨਾਲ ਸੁੰਦਰੀਕਰਨ ਅਤੇ ਬਾਹਰੀ ਦਿੱਖ ਸੰਵਾਰਨ ਦਾ ਪ੍ਰੋਜੈਕਟ ਤੇ 3.61 ਕਰੋੜ ਦੀ ਲਾਗਤ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਮਜ਼ਬੂਤ ਕਰਨ ਤੇ ਅੱਪਗ੍ਰੇਡ ਕਰਨ ਦਾ ਪ੍ਰੋਜੈਕਟ ਸ਼ਾਮਲ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਗੁਰਦੁਆਰਾ ਕਤਲਗੜ੍ਹ ਸਾਹਿਬ ਦੇ ਆਲੇ-ਦੁਆਲੇ ਸੜਕਾਂ ਤੇ ਪਾਰਕਿੰਗ ਦੀ ਘਾਟ ਦਾ ਮੁੱਦਾ ਉਨ੍ਹਾਂ ਦੇ ਧਿਆਨ ਵਿੱਚ ਹੈ। ਉਨ੍ਹਾਂ ਗਲਿਆਰਾ ਸਕੀਮ ਲਈ ਪਹਿਲਾਂ ਪ੍ਰਵਾਨਿਤ ਕੀਤੇ 11 ਕਰੋੜ ਰੁਪਏ ਤੋਂ ਇਲਾਵਾ4 ਕਰੋੜ ਰੁਪਏ ਹੋਰ ਦੇਣ ਦਾ ਐਲਾਨ ਕੀਤਾ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਇੰਸਟੀਚਿਊਟ ਦੀ 500 ਕਰੋੜ ਰੁਪਏ ਦੀ ਲਾਗਤ ਦੇ ਵਿੱਚੋਂ 100 ਕਰੋੜ ਰੁਪਏ ਉਸਾਰੀ ਕਾਰਜਾਂ ਅਤੇ ਬਾਕੀ ਰਕਮ ਮਸ਼ੀਨਰੀ, ਸਾਜ਼ੋ-ਸਮਾਨ, ਫਰਨੀਚਰ ਅਤੇ ਹੋਰ ਬੁਨਿਆਦੀ ਢਾਂਚੇ ਉੱਤੇ ਖਰਚ ਹੋਵੇਗੀ। ਉਨ੍ਹਾਂ ਕਿਹਾ ਕਿ ‘ਸਵਦੇਸ਼ ਦਰਸ਼ਨ ਸਕੀਮ’ ਹੇਠ 11.50 ਕਰੋੜ ਰੁਪਏ ਨਾਲ ਏਥੇ ਸੁੰਦਰੀਕਰਨ ਕੀਤਾ ਜਾਵੇਗਾ, ਜਿਸ ਵਿੱਚ ਮੋਰਿੰਡਾ-ਬੇਲਾ ਅਤੇ ਸੰਦੌਨ ਸੜਕ ਨੂੰ ਜੋੜਦੇ ਚੌਕ ਦਾ ਸੁੰਦਰੀਕਰਨ ਸ਼ਾਮਲ ਹੈ। ਇਸ ਦੇ ਨਾਲ 5 ਕਰੋੜ ਦੀ ਲਾਗਤ ਨਾਲ ਮੁਢਲੀਆਂ ਸਹੂਲਤਾਂ ਵਾਲੀ ਪਾਰਕਿੰਗ, 5 ਕਰੋੜ ਰੁਪਏ ਦੀ ਲਾਗਤ ਨਾਲ ਗੁਰਦੁਆਰਾ ਕਤਲਗੜ੍ਹ ਸਾਹਿਬ ਦੇ ਅੱਗੇ ਮਾਰਕੀਟ ਤੇ ਖੇਤਰ ਦਾ ਵਿਕਾਸ ਅਤੇ 1.20 ਕਰੋੜ ਰੁਪਏ ਦੀ ਲਾਗਤ ਨਾਲ ਗੁਰਦੁਆਰਾ ਗੜ੍ਹੀ ਸਾਹਿਬ ਵਿਖੇ ਪਾਰਕਿੰਗ ਅਤੇ ਹੋਰ ਵਿਕਾਸ ਕਰਨ ਸ਼ਾਮਲ ਹੈ।

ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਸ ਮੌਕੇ ਅਕਾਲੀ ਪਾਰਲੀਮੈਂਟ ਮੈਂਬਰ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਉੱਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਇੰਸਟੀਚਿਊਟ ਦਾ ਨੀਂਹ ਪੱਥਰ ਪ੍ਰੋਗਰਾਮ ਰੋਕਣ ਲਈ ਅਦਾਲਤ ਵਿੱਚ ਕੇਸ ਕਰਵਾਇਆ ਹੈ। ਵਰਨਣ ਯੋਗ ਹੈ ਕਿ ਇਸ ਜ਼ਮੀਨ ਨੂੰ ਚਰਾਂਦ ਦੱਸ ਕੇ ਰੂਪਨਗਰ ਅਦਾਲਤ ਵਿੱਚ ਗਏ ਜਸਵਿੰਦਰ ਸਿੰਘ ਤੇ ਨਰਿੰਦਰ ਕੁਮਾਰ ਦਾ ਦਾਅਵਾ ਹੈ ਕਿ ਵੀਰਵਾਰ ਨੂੰ ਉਨ੍ਹਾਂ ਦਾ ਵਕੀਲ ਅਦਾਲਤ ਵਿੱਚ ਸਟੇਟਸ-ਕੋ ਦੇ ਬਾਵਜੂਦ ਚਰਾਂਦ ਦੀ ਜ਼ਮੀਨ ਦੀ ਰਜਿਸਟਰੀ ਆਈ ਕੇ ਗੁਜਰ-’ਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਨਾਂ ਕਰਾਉਣ ਅਤੇ ਨੀਂਹ ਪੱਥਰ ਰੱਖਣ ਦੇ ਕੇਸ ਵਿੱਚ ਅਦਾਲਤ ਦੇ ਅਗੇਤੇ ਆਦੇਸ਼ ਦੀ ਉਲੰਘਣਾ ਬਾਰੇ ਇੱਕ ਪਟੀਸ਼ਨ ਦਾਇਰ ਕਰਨਗੇ।

## ਸ਼ੋਕ ਸਮਾਚਾਰ — ਸ: ਪ੍ਰੀਤਮ ਸਿੰਘ ਸਿੱਧੂ ਸਵਰਗਵਾਸ



ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ: ਪ੍ਰੀਤਮ ਸਿੰਘ ਸਿੱਧੂ, ਪੁਲੀ ਉਚੀ ਤਹਿਸੀਲ ਤੇ ਜ਼ਿਲ੍ਹਾ ਨਵਾਂਸਲਹਿਰ ਅਚਾਨਕ ਅਕਾਲ ਚਲਾਣਾ ਕਰ ਗਏ ਹਨ। ਜਿਨ੍ਹਾਂ ਦਾ ਅੰਤਮ ਸੰਸਕਾਰ 8 ਮਾਰਚ ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਵਜੇ ਤੋ ਦੁਪਹਿਰ 1 ਵਜੇ ਤੱਕ 30 Bramwin Court, Brampton, Ontario, L6T 5G2 ਵਿਖੇ ਕੀਤਾ ਜਾ ਰਿਹਾ ਹੈ ਅਤੇ ਅੰਤਮ ਅਰਦਾਸ ਗੁਰਦੁਆਰਾ ਓਟਾਰੀਓ ਖਾਲਸਾ ਦਰਬਾਰ ਵੈਸਟ ਹਾਲ ਵਿਖੇ ਸ਼ੁੱਕਰਵਾਰ ਦੁਪਹਿਰ 2 ਵਜੇ ਕੀਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਸਵ: ਪ੍ਰੀਤਮ ਸਿੰਘ ਦੇ ਪੁੱਤਰ ਕੁਲਵੀਰ ਸਿੰਘ ਸਿੱਧੂ ਨਾਲ 416-844-6759 ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

Jobs Jobs Jobs

Window Assemblers & Line workers
Machine Operators Needed

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- Basic Knowledge of English Needed
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
- Manufacturing Experience Must

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.477.3344 (Neha)
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

Tax & Accounting

ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?

•TAX •HST REBATE •CORPORATION SET UP
•ACCOUNTING •BUSINESS LOAN

CA CPA
info@cagrover.com

ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193



148-2960 Drew Road, Mississauga ON L4T 0A5 | Harcharan S. Grover



PUNJAB SINDH FINANCE
TRUCK/TRAILER
LOAN & REFINANCE

PUNJAB SINDH FINANCE
PSF
EVERY $ MAKES A DIFFERENCE

ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ
Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)



# ਸੰਪਾਦਕੀ

## ਕਈ ਸੁਆਲ ਖੜੇ ਕਰਦੀ ਹੈ ਜੇਰਾਲਡ ਬੱਟਸ ਦੀ ਪੇਸ਼ੀ

'ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜਾਂ ਕਿਸੇ ਹੋਰ ਸਟਾਫ ਨੇ ਸਾਬਕਾ ਅਟਾਰਨੀ ਜਰਨਲ ਜੋਡੀ ਵਿਲਸਨ ਰੇਅਬੂਲਡ ਉੱਤੇ ਐਸ ਐਨ ਸੀ ਲਾਵ-ਾਲਿਨ ਕੰਪਨੀ ਨੂੰ ਅਪਰਾਧਕ ਦੋਸ਼ਾਂ ਤੋਂ ਛੋਟ ਦੇਣ ਲਈ ਕੋਈ ਦਬਾਅ ਨਹੀਂ ਪਾਇਆ। ਅਸੀਂ ਤਾਂ ਉਸਨੂੰ ਇੱਕ ਹੋਰ ਰਾਏ' ਲਏ ਜਾਣ ਦੀ ਲੋੜ ਬਾਰੇ ਸਲਾਹ ਦੇ ਰਹੇ ਸੀ। ਸਾਡਾ ਇਰਾਦਾ ਤਾਂ ਉਸਦੀ ਇਸ ਢੰਗ ਨਾਲ ਮਦਦ ਕਰਨਾ ਸੀ ਤਾਂ ਜੋ ਉਹ ਸਬੂਤਾਂ ਦੇ ਆਧਾਰ ਉੱਤੇ ਠੀਕ ਫੈਸਲਾ ਕਰ ਸਕੇ। ਜੇ ਜੋਡੀ ਵਿਲਸਨ ਨੂੰ ਸਾਡੀਆਂ ਦਿੱਤੀਆਂ ਸਲਾਹਾਂ ਉੱਤੇ ਕੋਈ ਇਤਰਾਜ਼ ਸੀ ਤਾਂ ਉਸ ਵਾਸਤੇ ਸਹੀ ਹੁੰਦਾ ਕਿ ਉਹ ਪ੍ਰਧਾਨ ਮੰਤਰੀ ਨਾਲ ਸਿੱਧੀ ਗੱਲ ਕਰ ਲੈਂਦੀ ਜੋ ਉਸਨੇ ਨਹੀਂ ਕੀਤਾ। ਅਸੀਂ ਉਸ ਦੀਆਂ ਗਲਤ ਫਹਿਮੀਆਂ ਨੂੰ ਦੂਰ ਕਰਨ ਦੀਆਂ ਬੜੀਆਂ ਕੋਸ਼ਿਸ਼ਾਂ ਕੀਤੀਆਂ ਪਰ ਮੇਰਾ ਸੱਚ ਜਾਣਿਓ ਕਿ ਕਿਸੇ ਗੱਲ ਨੇ ਉਸ ਉੱਤੇ ਕੋਈ ਕਾਟ ਨਹੀਂ ਕੀਤੀ ਜਿਸਦੇ ਸਿੱਟੇ ਵਜੋਂ ਅਸੀਂ ਸਾਰੇ ਆਹ ਗੱਲਬਾਤ ਕਰਨ ਦੀ ਨੌਬਤ ਉੱਤੇ ਪੁੱਜੇ ਹਾਂ'

ਉਪਰੋਕਤ ਸ਼ਬਦ ਮੋਟਾ ਠੁੱਲਾ ਸਾਰ ਹਨ ਪ੍ਰਧਾਨ ਮੰਤਰੀ ਦੇ ਦੋਸਤ ਅਤੇ ਸਾਬਕਾ ਪ੍ਰਿੰਸੀਪਲ ਸਕੱਤਰ ਜੇਰਾਰਡ ਬੱਟਸ ਦੇ ਜੋ ਉਸਨੇ ਪਾਰਲੀਮਾਨੀ ਜਸਟਿਨ ਕਮੇਟੀ ਸਾਹ-ਮਣੇ ਪੇਸ਼ ਹੋ ਕੇ ਆਖੇ। ਭੱਟਸ ਦੀ ਗਵਾਹੀ ਦੀ ਵੀਡੀਓ ਵੇਖ ਕੇ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਹ ਬਹੁਤ ਸੰਭਲ ਕੇ ਅਤੇ ਅੱਖਾਂ ਚੁਰਾ ਕੇ ਗੱਲ ਕਰ ਰਿਹਾ ਸੀ। ਉਸਨੇ ਕੀ ਆਖਿਆ ਅਤੇ ਕੀ ਆਖਣੋਂ ਗੁਰੇਜ਼ ਕੀਤਾ, ਇਸਤੋਂ ਵੱਡੀ ਗੱਲ ਹੈ ਕਿ ਉਸਨੇ ਸਾਰਾ ਕੁੱਝ ਕਿਵੇਂ ਆਖਿਆ? ਉਹ ਸੀ ਕਿ ਜੇਰਾਲਡ ਬੱਟਸ ਨੇ ਜਸਟਿਸ ਕਮੇਟੀ ਸਾਹਮਣੇ ਆਪਣਾ ਬਿਆਨ 'ਸਹੁੰ ਚੁੱਕ'ਕੇ ਦੇਣ ਤੋਂ ਇਨਕਾਰ ਕਰ ਦਿੱਤਾ।

ਸਹੁੰ ਚੁੱਕਣ ਤੋਂ ਨਾਂਹ ਕਰਨ ਦਾ ਅਰਥ ਇਹ ਨਹੀਂ ਕਿ ਉਸਨੂੰ ਸਹੁੰ ਟੁੱਟਣ ਉੱਤੇ ਰੱਬ ਦੇ ਰੁੱਸ ਜਾਣ ਦਾ ਡਰ ਸੀ ਬਲਕਿ ਉਹ ਯਕੀਨੀ ਬਣਾ ਰਿਹਾ ਸੀ ਕਿ ਉਸਦੇ ਬਿਆਨ ਨੂੰ ਕਿਸੇ ਮੋੜ ਉੱਤੇ ਜਾ ਕੇ ਕੋਰਟ ਕਚਿਹਰੀ ਵਿੱਚ ਸਬੂਤ ਵਜੋਂ ਪੇਸ਼ ਨਾ ਕੀਤਾ ਜਾ ਸਕੇ। ਜੇ ਉਸਦਾ ਸਾਰਾ ਕੰਮ ਠੀਕ ਸੀ ਤਾਂ ਉਸਨੇ ਅਸਤੀਫਾ ਕਿਉਂ ਦਿੱਤਾ ਸੀ ਅਤੇ ਸਹੁੰ ਚੁੱਕ ਕੇ ਬਿਆਨ ਦੇਣ ਤੋਂ ਨਾਂਹ ਕਿਉਂ ਕੀਤੀ?

ਸੁਆਲ ਇਹ ਵੀ ਹੈ ਕਿ ਜੇ ਸਾਰਾ ਕੁੱਝ ਠੀਕ ਹੀ ਸੀ ਤਾਂ ਇਹਨਾਂ ਖਬਰਾਂ ਦਾ ਕੀ ਆਧਾਰ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਅੱਜ ਜਾਂ ਕੱਲ ਬਿਆਨ ਜਾਰੀ ਕਰਕੇ ਹੋਈਆਂ ਘਟਨਾਵਾਂ ਉੱਤੇ ਥੋੜਾ ਅਫਸੋਸ, ਥੋੜੀ ਮੁਆਫੀ ਅਤੇ ਬਹੁਤਾ ਇਲਜ਼ਾਮ ਸਟਾਫ ਦੀਆਂ ਗਲਤੀਆਂ ਉੱਤੇ ਪਾਇਆ ਜਾਵੇਗਾ। ਇਹ ਗੱਲ ਜੇਰ-ਾਰਡ ਬੱਟਸ ਕੌਣ ਦੱਸੇ ਕਿ ਉਸਤੋਂ ਵੱਡਾ ਸਟਾਫ ਤਾਂ ਫੈਡਰਲ ਸਰਕਾਰ ਵਿੱਚ ਕੋਈ ਹੈ ਨਹੀਂ ਸੀ।

ਸਟਾਫ ਦੀ ਗੱਲ ਤੋਂ ਸੁਆਲ ਇਹ ਵੀ ਉੱਠਦਾ ਹੈ ਕਿ ਜੋਡੀ ਵਿਲਸਨ ਦੀ ਚੀਫ ਆਫ ਸਟਾਫ ਜੈਸਿਕਾ ਪ੍ਰਿੰਸ ਨੂੰ ਇਹ ਸੁਝਾਅ ਕਿਉਂ ਦਿੱਤੇ ਗਏ ਕਿ ਜੇ ਜੋਡੀ ਵਿਲਸਨ 'ਐਸ ਐਨ ਸੀ ਲਾਵਾਲਿਨ' ਵਿਰੁੱਧ ਅਪਰਾਧਕ ਕੇਸ ਨਾ ਚਲਾਉਣ ਲਈ ਮੰਨ ਜਾਵੇਗੀ ਤਾਂ ਉਸਦੇ ਫੈਸਲੇ ਦੀ ਸ਼ਲਾਘਾ ਕਰਨ ਵਾਲੇ ਐਡੀਟੋਰੀਅਲ ਤਾਂ ਮੀਡੀਆ ਵਿੱਚ ਲਿਖਾਏ ਜਾ ਸਕਦੇ ਹਨ। ਇਹ ਵੱਖਰੀ ਗੱਲ ਹੈ ਕਿ ਸਾਹਮਣੇ ਆਏ ਸੱਚ ਤੋਂ ਬਾਅਦ ਹੁਣ ਤਾਂ ਟੋਰਾਂਟੋ ਸਟਾਰ ਅਤੇ ਸੀ ਬੀ ਸੀ ਵਰਗੇ ਲਿਬਰਲ ਪੱਖੀ ਅਦਾਰਿਆਂ ਕੋਲ ਵੀ ਟਰੂਡੋ ਅਤੇ ਲਿਬਰਲ ਸਰਕਾਰ ਦਾ ਪੱਖ ਪੂਰਨ ਦਾ ਹੀਆ ਨਹੀਂ ਪੈ ਰਿਹਾ। ਜੋਡੀ ਵਿਲਸਨ ਨੇ ਇਹਨਾਂ ਸੁਝਾਵਾਂ ਨੂੰ 'ਲੁਕਵੇਂ ਢੰਗ ਨਾਲ ਦਿੱਤੀਆਂ ਧਮਕੀਆਂ'ਕਿਹਾ ਸੀ।

ਸੁਆਲ ਇਹ ਵੀ ਹੈ ਕਿ 'ਕੈਨੇਡਾ ਵਿੱਚ ਨੌਕਰੀਆਂ ਬਚਾਉਣ ਲਈ ਐਸ ਐਨ ਸੀ ਦੀ ਮਦਦ' ਦੀ ਜੋ ਗੁਹਾਰ ਅੱਜ ਲਾਈ ਜਾ ਰਹੀ ਹੈ, ਉਸ ਗੱਲ ਦਾ ਜੋਡੀ ਵਿਲਸਨ ਦੇ ਫੈਸਲੇ ਨਾਲ ਕੋਈ ਤਾਅਲੁੱਕ ਹੀ ਨਹੀਂ ਹੈ। Deferred Prosecution Agreement (DPA) ਦੇ ਸੈਕਸ਼ਨ 715.32 (2) ਮੁਤਾਬਕ ਅਟਾਰਨੀ ਜਨਰਲ ਲਈ ਜਰੂਰੀ ਨਹੀਂ ਹੈ ਕਿ ਉਹ ਕਿਸੇ ਕੰਪਨੀ ਨੂੰ ਰਾਹਤ ਦੇਣ ਵੇਲੇ ਆਰਥਕ ਗੱਲਾਂ ਜਾਂ ਨੌਕਰੀਆਂ ਬਚਾਉਣ ਦੇ ਮੁੱਦੇ ਨੂੰ ਖਿਆਲ ਵਿੱਚ ਰੱਖੇ। ਵਰਨਣਯੋਗ ਹੈ ਕਿ ਗੈਰਕਨੂੰਨੀ ਢੰਗ ਅਪਨਾਉਣ ਦੀਆਂ ਦੋਸ਼ੀ ਕੰਪਨੀਆਂ ਨੂੰ ਅਦਾਲਤ ਦੀ ਸ਼ਿਕੰਜੇ ਤੋਂ ਬਾਹਰ ਰੱਖਣ ਲਈ ਲਿਬਰਲਾਂ ਨੇ ਹੀ 2018 ਵਿੱਚ DPA legislation ਪਾਸ ਕੀਤਾ ਗਿਆ। ਇਸ ਕਨੂੰਨ ਨੂੰ ਪਾਸ ਕਰਵਾਉਣ ਲਈ ਵੱਡੇ ਪੱਧਰ ਉੱਤੇ ਚਾਰਾਜੋਈ ਐਸ ਐਨ ਸੀ ਲਾਵਾਲਿਨ ਦੇ ਚੀਫ ਐਗਜ਼ੈਕਟਿਵ ਅਫਸਰ ਨੀਲ ਬਰੂਸ (Neil Bruce) ਨੇ ਅਨੇਕਾਂ ਚਿੱਠੀਆਂ ਅਤੇ ਨਿੱਜੀ ਵਫਦ ਲਿਜਾ ਕੇ ਕੀਤੀ ਸੀ। ਅਪਰਾਧੀ ਕੰਪਨੀਆਂ ਨੂੰ ਛੋਟ ਦੇਣ ਵਾਲੇ ਇਸ ਕਨੂੰਨ ਦਾ ਪਲੇਠਾ ਲਾਭਪਾਤਰੀ ਵੀ ਐਸ ਐਨ ਸੀ ਲਾਵ-ਾਲਿਨ ਨੇ ਬਣਨਾ ਸੀ ਜੇ ਜੋਡੀ ਵਿਲਸਨ ਅਤੇ ਜੇਨ ਫਿਲਪੌਟ ਵਰਗੀਆਂ ਇਖਲਾਕੀ ਅਤੇ ਧੱੜਲੇਦਾਰ ਔਰਤਾਂ ਸਾਡੇ ਦੇਸ਼ ਦੇ ਹਿੱਤਾਂ ਲਈ ਖੜਨ ਦੀ ਜੁਰੱਅਤ ਨਾ ਕਰਦੀਆਂ।

## ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਆਮ ਸਰਕਾਰੀ ਕੰਮਕਾਰ ਤੋਂ ਬਿਨਾਂ ਹੋਰ ਕੁੱਝ ਨਹੀਂ ਵਾਪਰਿਆ : ਬੱਟਸ

...ਪੰਨਾ 1 ਦਾ ਬਾਕੀ

ਜੇ ਕਿਸੇ ਨੇ ਹੱਦ ਪਾਰ ਕੀਤੀ ਸੀ ਤਾਂ ਮੰਤਰੀ ਦੀ ਇਹ ਜ਼ਿੰਮੇਵਾਰੀ ਬਣਦੀ ਸੀ ਕਿ ਇਸ ਬਾਰੇ ਕਿਸੇ ਨੂੰ ਸੂਚਿਤ ਕੀਤਾ ਜਾਂਦਾ। ਬੱਟਸ ਨੇ ਆਖਿਆ ਕਿ ਉਹ ਮੰਨਦੇ ਹਨ ਕਿ ਖੁਦ ਅਜਿਹੇ ਸ਼ਖਸ ਸਨ ਜਿਨ੍ਹਾਂ ਨੂੰ ਇਸ ਬਾਰੇ ਦੱਸਿਆ ਜਾਣਾ ਚਾਹੀਦਾ ਸੀ ਪਰ ਅਜਿਹਾ ਕੁੱਝ ਨਹੀਂ ਵਾਪਰਿਆ। ਜ਼ਿਕਰਯੋਗ ਹੈ ਕਿ ਬੱਟਸ ਨੇ 18 ਫਰਵਰੀ ਨੂੰ ਟਰੂਡੋ ਦੇ ਉੱਘੇ ਸਲਾਹਕਾਰ ਵਜੋਂ ਅਸਤੀਫਾ ਦੇ ਦਿੱਤਾ ਸੀ ਤੇ ਉਨ੍ਹਾਂ ਇਹ ਵੀ ਆਖਿਆ ਸੀ ਕਿ ਇਸ ਮਾਮਲੇ ਵਿੱਚ ਕਿਸੇ ਤਰ੍ਹਾਂ ਦੀ ਕੋਈ ਗੜਬੜ ਨਹੀਂ ਹੋਈ ਹੈ। ਬੱਟਸ ਨੇ ਆਖਿਆ ਕਿ ਉਨ੍ਹਾਂ ਤੇ ਵਿਲਸਨ ਰੇਅਬੋਲਡ ਵਿਚਾਲੇ ਈਮੇਲਜ਼ ਰਾਹੀਂ ਹੋਈ ਗੱਲਬਾਤ ਵਿੱਚ ਕਿਤੇ ਵੀ ਐਸਐਨਸੀ-ਲਾਵਾਲਿਨ ਮੁੱਦੇ ਵਿੱਚ ਹੋਈਆਂ ਵਧੀਕੀਆਂ ਦਾ ਜ਼ਿਕਰ ਉਦੋਂ ਤੱਕ ਨਹੀਂ ਹੈ ਜਦੋਂ ਤੱਕ ਉਨ੍ਹਾਂ ਨੂੰ ਦੂਜੇ ਮੰਤਰਾਲੇ ਵਿੱਚ ਨਹੀਂ ਭੇਜਿਆ ਗਿਆ। ਬੱਟਸ ਨੇ ਆਖਿਆ ਕਿ ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਸ਼ਾਮਲ ਹਰੇਕ ਸ਼ਖਸ ਨੂੰ ਪਤਾ ਸੀ ਕਿ ਉਨ੍ਹਾਂ ਵੱਲੋਂ ਦਿੱਤੀ ਜਾਣ ਵਾਲੀ ਸਲਾਹ ਨੂੰ ਮੰਨਣਾਂ ਜਾਂ ਨਾ ਮੰਨਣਾ ਸਿਰਫ ਤੇ ਸਿਰਫ ਰੇਅਬੋਲਡ ਦੇ ਹੱਥ ਸੀ।

ਉਨ੍ਹਾਂ ਆਖਿਆ ਕਿ ਟਰੂਡੋ ਨੇ ਆਪਣੇ ਉੱਘੇ ਸਹਾਇਕਾਂ ਨੂੰ ਇਹ ਨਿਰਦੇਸ਼ ਦਿੱਤੇ ਸਨ ਕਿ ਇਸ ਸਮੁੱਚੀ ਪ੍ਰਕਿਰਿਆ ਵਿੱਚ ਉਨ੍ਹਾਂ ਨੂੰ ਉਸ ਸੂਰਤ ਵਿੱਚ ਦਾਅ ਉੱਤੇ ਲੱਗੀਆਂ ਹਜ਼ਾਰਾਂ ਨੌਕਰੀਆਂ ਦੀ ਗੱਲ ਨੂੰ ਧਿਆਨ ਵਿੱਚ ਰੱਖਣਾ ਹੈ ਜੇ ਐਸਐਨਸੀ-ਲਾਵਾਲਿਨ ਦੋਸ਼ੀ ਪਾਈ ਜਾਂਦੀ ਹੈ। ਜਿਸ ਕਾਰਨ ਉਹ ਇੱਕ ਦਹਾਕੇ ਤੱਕ ਫੈਡਰਲ ਕਾਂਟਰੈਕਟ ਹਾਸਲ ਕਰਨ ਤੋਂ ਵਾਂਝੀ ਹੋ ਜਾਵੇਗੀ। ਉਨ੍ਹਾਂ ਆਖਿਆ ਕਿ ਕੰਪਨੀ ਵਿੱਚ ਨੌਕਰੀ ਕਰਨ ਵਾਲੇ ਲੋਕਾਂ ਕਾਰਨ ਇਸ ਮੁੱਦੇ ਦੀ ਅਹਿਮੀਅਤ ਵੱਧ ਗਈ। ਅਸੀਂ ਉਸ ਸਮੇਂ ਅਟਾਰਨੀ ਜਨਰਲ ਨੂੰ ਬੱਸ ਇਹੀ ਸਲਾਹ ਦਿੱਤੀ ਸੀ ਜਿਸ ਬਾਰੇ ਅਸੀਂ ਇਹ ਵੀ ਸਪਸ਼ਟ ਕਰ ਦਿੱਤਾ ਸੀ ਕਿ ਇਸ ਨੂੰ ਮੰਨਣਾ ਜਾਂ ਨਾ ਮੰਨਣਾ ਉਨ੍ਹਾਂ ਦੇ ਆਪਣੇ ਹੱਥ ਹੈ।

**ਪੰਜਾਬੀ ਪੋਸਟ**
**Canadian Punjabi Post**

**Head Office**
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
-
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਟੈਵਰਨਰ ਨੂੰ ਓਪੀਪੀ ਕਮਿਸ਼ਨਰ ਬਣਾਉਣ ਦੀ ਫੋਰਡ ਦੀ ਕੋਸ਼ਿਸ਼ ਨੂੰ ਬੂਰ ਨਹੀਂ ਪਿਆ

...ਪੰਨਾ 1 ਦਾ ਬਾਕੀ

ਜੂਲੀਅਨ ਫਾਲਕਨਰ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਕਲਾਇੰਟ ਸਾਬਕਾ ਓਪੀਪੀ ਡਿਪਟੀ ਕਮਿਸ਼ਨਰ ਬ੍ਰੈਡ ਬਲੇਅਰ ਨੂੰ ਇਸ ਲਈ ਡਿਸਮਿਸ ਕੀਤਾ ਗਿਆ ਕਿਉਂਕਿ ਉਨ੍ਹਾਂ ਲੰਮੇਂ ਸਮੇਂ ਤੋਂ ਫੋਰਡ ਦੇ ਦੋਸਤ ਚੱਲੇ ਆ ਰਹੇ ਟੈਵਰਨਰ ਨੂੰ ਪੁਲਿਸ ਫੋਰਸ ਦਾ ਮੁਖੀ ਨਿਯੁਕਤ ਕੀਤੇ ਜਾਣ ਦੇ ਖਿਲਾਫ ਆਵਾਜ਼ ਉਠਾਈ ਸੀ। ਫਾਲਕਨਰ ਨੇ ਆਖਿਆ ਕਿ ਬਲੇਅਰ ਨੂੰ ਨੌਕਰੀ ਤੋਂ ਕੱਢੇ ਜਾਣ ਦੀ ਕਾਰਵਾਈ ਪ੍ਰੋਵਿੰਸ ਦੇ ਪੁਲਿਸ ਸਰਵਿਸ ਐਕਟ ਤਹਿਤ ਕਾਇਮ ਅਨੁਸ਼ਾਸਕੀ ਪ੍ਰਕਿਰਿਆ ਦੇ ਮੱਦੇਨਜ਼ਰ ਨਹੀਂ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਇਸ ਨੂੰ ਹੀ ਕਹਿੰਦੇ ਹਨ ਸੱਤਾ ਦੀ ਦੁਰਵਰਤੋਂ।

ਜ਼ਿਕਰਯੋਗ ਹੈ ਕਿ 72 ਸਾਲਾ ਟੈਵਰਨਰ ਕਮਿਸ਼ਨਰ ਦੇ ਅਹੁਦੇ ਲਈ ਨਿਰਧਾਰਤ ਮਾਪਦੰਡਾਂ ਉੱਤੇ ਖਰੇ ਨਹੀਂ ਉਤਰਦੇ। ਸਰਕਾਰ ਨੇ ਵੀ ਇਹ ਗੱਲ ਮੰਨੀ ਹੈ ਕਿ ਇਸ ਅਹੁਦੇ ਲਈ ਉਮੀਦਵਾਰਾਂ ਦੀ ਰੇਂਜ ਵਧਾਉਣ ਵਾਸਤੇ ਉਨ੍ਹਾਂ ਨੂੰ ਯੋਗਤਾ ਘਟਾਉਣੀ ਪਈ। ਟੈਵਰਨਰ ਦੀ ਨਿਯੁਕਤੀ ਨੂੰ ਹਾਲ ਦੀ ਘੜੀ ਰੋਕ ਕੇ ਰੱਖਿਆ ਗਿਆ ਸੀ ਕਿਉਂਕਿ ਇਸ ਮਾਮਲੇ ਦੀ ਜਾਂਚ ਪ੍ਰੋਵਿੰਸ ਦੇ ਇੰਟੇਗਰਿਟੀ ਕਮਿਸ਼ਨਰ ਵੱਲੋਂ ਕੀਤੀ ਜਾ ਰਹੀ ਸੀ।

ਇਸ ਅਹੁਦੇ ਲਈ ਉਮੀਦਵਾਰ ਰਹਿ ਚੁੱਕੇ ਬਲੇਅਰ ਨੇ ਟੈਵਰਨਰ ਦੀ ਨਿਯੁਕਤੀ ਨੂੰ ਲੈ ਕੇ ਚਿੰਤਾ ਪ੍ਰਗਟਾਈ ਸੀ ਤੇ ਓਨਟਾਰੀਓ ਦੇ ਓਮਬਡਸਮੈਨ ਵੱਲੋਂ ਮਾਮਲੇ ਦੀ ਜਾਂਚ ਕਰਵਾਉਣ ਲਈ ਇਸ ਮਾਮਲੇ ਨੂੰ ਕਾਨੂੰਨੀ ਚੁਣੌਤੀ ਵੀ ਦਿੱਤੀ ਸੀ। ਬਲੇਅਰ ਨੇ ਆਖਿਆ ਕਿ ਉਨ੍ਹਾਂ ਨੂੰ ਅਹੁਦੇ ਤੋਂ ਹਟਾਇਆ ਜਾਣਾ ਉਨ੍ਹਾਂ ਨੂੰ ਮਸਲੇ ਜਾਣ ਦੀ ਕੋਸ਼ਿਸ਼ ਹੈ। ਦੂਜੇ ਪਾਸੇ ਬਲੇਅਰ ਨੂੰ ਡਿਪਟੀ ਕਮਿਸ਼ਨਰ ਦੇ ਅਹੁਦੇ ਤੋਂ ਹਟਾਏ ਜਾਣ ਦੇ ਮਾਮਲੇ ਵਿੱਚ ਸਰਕਾਰ ਨੇ ਕਿਸੇ ਤਰ੍ਹਾਂ ਦੀ ਸਿਆਸੀ ਦਖਲ ਤੋਂ ਇਨਕਾਰ ਕੀਤਾ ਹੈ। ਸਰਕਾਰ ਦਾ ਇਹ ਦਾਅਵਾ ਵੀ ਹੈ ਕਿ ਬਲੇਅਰ ਵੱਲੋਂ ਅਦਾਲਤੀ ਕਾਰਵਾਈ ਦੌਰਾਨ ਓਪੀਪੀ ਦੀ ਗੁਪਤ ਜਾਣਕਾਰੀ ਬਾਹਰ ਲਿਆਂਦੇ ਜਾਣ ਕਾਰਨ ਹੀ ਇਹ ਫੈਸਲਾ ਕੀਤਾ ਗਿਆ ਹੈ।

## ਰੇਅਬੋਲਡ ਨੂੰ ਧਮਕਾਉਣ ਜਾਂ ਸਿਆਸੀ ਦਬਾਅ ਪਾਉਣ ਤੋਂ ਵਰਨਿੱਕ ਨੇ ਕੀਤਾ ਇਨਕਾਰ

...ਪੰਨਾ 1 ਦਾ ਬਾਕੀ

ਉਨ੍ਹਾਂ ਦੋ ਘੰਟੇ ਤੱਕ ਆਪਣੇ ਵੱਲੋਂ ਪਹਿਲਾਂ ਦਿੱਤੀ ਗਈ ਗਵਾਹੀ ਨੂੰ ਹੀ ਵਿਸਥਾਰਪੂਰਬਕ ਅੱਗੇ ਵਧਾਇਆ। ਦੋਵਾਂ ਅਧਿਕਾਰੀਆਂ ਵੱਲੋਂ ਪਿਛਲੇ ਹਫਤੇ ਵਿਲਸਨ ਰੇਅਬੋਲਡ ਦੀ ਗਵਾਹੀ ਤੋਂ ਪਹਿਲਾਂ ਗਵਾਹੀ ਦਿੱਤੀ ਗਈ ਸੀ।

ਵਰਨਿੱਕ ਨੇ ਆਖਿਆ ਕਿ ਉਨ੍ਹਾਂ ਕਦੇ ਵੀ ਰੇਅਬੋਲਡ ਉੱਤੇ ਸਿਆਸੀ ਦਬਾਅ ਨਹੀਂ ਪਾਇਆ। ਸਗੋਂ ਉਨ੍ਹਾਂ ਹਮੇਸ਼ਾਂ ਰੇਅਬੋਲਡ ਨੂੰ ਇਹੋ ਆਖਿਆ ਕਿ ਇਸ ਬਾਬਤ ਆਖਰੀ ਫੈਸਲਾ ਉਸ ਦੀ ਹੀ ਹੋਵੇਗਾ। ਆਪਣੀ ਗਵਾਹੀ ਵਿੱਚ ਰੇਅਬੋਲਡ ਇਹ ਦੋਸ਼ ਲਾ ਚੁੱਕੀ ਹੈ ਕਿ ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਲੱਗਭਗ ਦਰਜਨ ਭਰ ਸਰਕਾਰੀ ਅਧਿਕਾਰੀਆਂ ਵੱਲੋਂ ਉਨ੍ਹਾਂ ਉੱਤੇ ਦਬਾਅ ਪਾਇਆ ਗਿਆ ਸੀ ਤੇ ਉਨ੍ਹਾਂ ਨੂੰ ਧਮਕਾਇਆ ਵੀ ਗਿਆ ਸੀ। ਇਨ੍ਹਾਂ ਅਧਿਕਾਰੀਆਂ ਵਿੱਚ ਰੇਅਬੋਲਡ ਨੇ ਉਚੇਚੇ ਤੌਰ ਉੱਤੇ ਵਰਨਿੱਕ ਤੇ ਸਾਬਕਾ ਪ੍ਰਿੰਸੀਪਲ ਸਕੱਤਰ ਗੇਰਾਲਡ ਬੱਟਸ ਦਾ ਨਾਂ ਲਿਆ ਸੀ।

## ਭਾਜਪਾ ਪਾਰਲੀਮੈਂਟ ਮੈਂਬਰ ਨੇ ਭਾਜਪਾ ਵਿਧਾਇਕ ਨੂੰ ਮੀਟਿੰਗ ਵਿੱਚ ਛਿੱਤਰ ਫੇਰਿਆ

ਨਵੀਂ ਦਿੱਲੀ, 6 ਮਾਰਚ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਦੇ ਪਾਰਲੀਮੈਂਟ ਮੈਂਬਰ ਸ਼ਰਦ ਤ੍ਰਿਪਾਠੀ ਨੇ ਆਪਣੀ ਹੀ ਪਾਰਟੀ ਦੇ ਇੱਕ ਵਿਧਾਇਕ ਰਾਕੇਸ਼ ਸਿੰਘ ਨੂੰ ਛਿੱਤਰਾਂ ਨਾਲ ਕੁੱਟਿਆ ਹੈ।

ਇਹ ਮਾਮਲਾ ਉੱਤਰ ਪ੍ਰਦੇਸ਼ ਦੇ ਜ਼ਿਲਾ ਸੰਤ ਕਬੀਰ ਨਗਰ ਦਾ ਹੈ, ਜਿਥੇ ਇੱਕ ਬੈਠਕ ਵਿੱਚ ਭਾਜਪਾ ਵਿਧਾਇਕ ਤੇ ਭਾਜਪਾ ਪਾਰਲੀਮੈਂਟ ਮੈਂਬਰ ਸ਼ਰਦ ਤ੍ਰਿਪਾਠੀ ਦੀ ਬਹਿਸ ਸ਼ੁਰੂ ਹੋਈ ਅਤੇ ਦੇਖਦੇ-ਦੇਖਦੇ ਲੜਾਈ ਵਿੱਚ ਬਦਲ ਗਈ। ਪਤਾ ਲੱਗਾ ਹੈ ਕਿ ਵਿਧਾਇਕ ਅਤੇ ਪਾਰਲੀਮੈਂਟ ਮੈਂਬਰ ਕਿਸੇ ਮੁੱਦੇ ਤੋਂ ਆਪਸ ਵਿੱਚ ਭਿੜ ਗਏ ਤਾਂ ਭਾਜਪਾ ਪਾਰਲੀਮੈਂਟ ਮੈਂਬਰ ਸ਼ਰਦ ਤ੍ਰਿਪਾਠੀ ਨੇ ਆਪਣੇ ਪੈਰ ਤੋਂ ਬੂਟ ਲਾਹਿਆ ਅਤੇ ਵਿਧਾਇਕ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਪਹਿਲਾਂ ਵਿਧਾਇਕ ਨੇ 10-15 ਛਿੱਤਰ ਪੈ ਲੈਣ ਦਿੱਤੇ, ਪਰ ਬਾਅਦ ਵਿੱਚ ਜਵਾਬ ਦੇਣ ਦੇ ਲਈ ਪਾਰਲੀਮੈਂਟ ਮੈਂਬਰ ਸ਼ਰਦ ਤ੍ਰਿਪਾਠੀ ਨੂੰ ਥੱਪੜ ਮਾਰਨੇ ਸ਼ੁਰੂ ਕਰ ਦਿੱਤੇ। ਗੱਲ ਵਧਦੀ ਦੇਖ ਕੇ ਉਥੇ ਮੌਜੂਦ ਲੋਕ ਛੁਡਾਉਣ ਨੂੰ ਅੱਗੇ ਆਏ ਅਤੇ ਇਕ ਪੁਲਸ ਅਫਸਰ ਨੇ ਐੱਮ ਪੀ ਅਤੇ ਵਿਧਾਇਕ ਨੂੰ ਵੱਖੋ-ਵੱਖ ਕੀਤਾ। ਇਸ ਘਟਨਾ ਦਾ ਵੀਡੀਓ ਉਥੇ ਮੌਜੂਦ ਕਿਸੇ ਸ਼ਖਸ ਨੇ ਬਣਾ ਲਿਆ। ਜਦੋਂ ਝਗੜਾ ਹੋ ਰਿਹਾ ਸੀ ਤਾਂ ਸੰਤ ਕਬੀਰ ਨਗਰ ਦੇ ਕਲੈਕਟਰ ਵੀ ਉਥੇ ਮੌਜੂਦ ਸਨ ਤੇ ਪ੍ਰਸ਼ਾਸਨ ਦੇ ਵੱਡੇ ਅਧਿਕਾਰੀ ਤੇ ਚੁਣੇ ਹੋਏ ਪ੍ਰਤੀਨਿਧੀ ਵੀ ਇਸ ਬੈਠਕ ਵਿੱਚ ਸ਼ਾਮਲ ਸਨ। ਦੋਵਾਂ ਭਾਜਪਾ ਨੇਤਾਵਾਂ ਵਿਚਾਲੇ ਕਿਸੇ ਪ੍ਰੋਜੈਕਟ ਦੀ ਨੀਂਹ ਉੱਤੇ ਨਾਂ ਲਿੱਖਣ ਬਾਰੇ ਬਹਿਸ ਹੋਈ ਅਤੇ ਬਾਅਦ ਵਿੱਚ ਕੁੱਟਮਾਰ ਵਿੱਚ ਬਦਲ ਗਈ ਸੀ।

## ਦੁਰਵਰਤੋਂ ਰੋਕਣ ਬਾਰੇ ਫੇਸਬੁੱਕ ਦੀ ਸਮਰੱਥਾ ਉੱਤੇ ਪਾਰਲੀਮੈਂਟਰੀ ਕਮੇਟੀ ਨੂੰ ਸ਼ੱਕ




ਨਵੀਂ ਦਿੱਲੀ, 6 ਮਾਰਚ (ਪੋਸਟ ਬਿਊਰੋ)- ਭਾਰਤੀ ਪਾਰਲੀਮੈਂਟ ਦੀ ਇੱਕ ਕਮੇਟੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁੱਕ ਦੀ ਚੋਣਾਂ ਦੌਰਾਨ ਆਪਣੀ ਦੁਰਵਰਤੋਂ ਰੋਕਣ ਦੀ ਸਮਰੱਥਾ ਉੱਤੇ ਸ਼ੱਕ ਪ੍ਰਗਟਾਇਆ ਹੈ।

ਅੱਜ ਬੁੱਧਵਾਰ ਨੂੰ ਮਿਲੀ ਜਾਣਕਾਰੀ ਮੁਤਾਬਕ ਸੂਚਨਾ ਤੇ ਤਕਨੀਕ ਬਾਰੇ ਭਾਜਪਾ ਦੇ ਪਾਰਲੀਮੈਂਟ ਮੈਂਬਰ ਅਨੁਰ-ਾਗ ਠਾਕੁਰ ਦੀ ਅਗਵਾਈ ਵਾਲੀ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਦੇ ਸਾਹਮਣੇ ਫੇਸਬੁੱਕ ਦੇ ਸੀਨੀਅਰ ਅਫਸਰ ਪੇਸ਼ ਹੋਏ। ਪਾਰਲੀਮੈਂਟ ਮੈਂਬਰਾਂ ਵੱਲੋਂ ਚੋਣਾਂ ਨੂੰ ਪ੍ਰਭਾਵਿਤ ਕਰਨ ਵਿੱਚ ਸੋਸ਼ਲ ਮੀਡੀਆ ਦੀ ਸੰਭਾਵੀ ਦੁਰਵਰਤੋਂ ਉੱਤੇ ਪ੍ਰਗਟਾਈ ਗਈ ਚਿੰਤਾ ਦਾ ਅਧਿਕਾਰੀਆਂ ਨੇ ਜਵਾਬ ਦਿੱਤਾ ਤੇ ਫੇਸਬੁੱਕ ਨੇ ਭਰੋਸਾ ਦਿੱਤਾ ਕਿ ਚੋਣਾਂ ਮੌਕੇ ਪਛਾਣ, ਸਥਿਤੀ ਤੇ ਇਸ਼ਤਿਹਾਰ ਲਈ ਕਿਸ ਨੇ ਭੁਗਤਾਨ ਕੀਤਾ ਹੈ, ਇਸ ਦੀ ਜਾਣਕਾਰੀ ਯੂਜ਼ਰਜ਼ ਨੂੰ ਸਪੈਸ਼ਲ ਵੈੱਬ ਪੇਜ ਉੱਤੇ ਦਿੱਤੀ ਜਾਵੇਗੀ।

ਜਾਣਕਾਰ ਸੂਤਰਾਂ ਮੁਤਾਬਕ ਫੇਸਬੁੱਕ ਨੇ ਕਮੇਟੀ ਮੈਂਬਰਾਂ ਨੂੰ ਕਿਹਾ ਕਿ ਇਹ ਇਕ ਹਾਈਬ੍ਰਿਡ ਕੰਪਨੀ ਹੈ। ਫੇਸਬੁੱਕ ਇਸ ਗੱਲ ਦਾ ਜਵਾਬ ਦੇਣ ਤੋਂ ਅਸਫਲ ਰਹੀ ਕਿ ਭਾਰਤ ਵਿੱਚ ਉਸ ਦੇ ਕੰਟੈਂਟ, ਇਸ਼ਤਿਹਾਰ ਤੇ ਮਾਰਕੀਟਿੰਗ ਸੰਚਾਲਨ ਉੱਤੇ ਕਿਹੜਾ ਅਥਾਰਟੀ ਢਾਂਚਾ ਲਾਗੂ ਹੁੰਦਾ ਹੈ। ਅਮਰੀਕੀ ਕੰਪਨੀ ਨੇ ਇਹ ਵੀ ਮੰਨ ਲਿਆ ਕਿ ਆਪਣੇ ਪਲੇਟਫਾਰਮ ਉੱਤੇ ਕੰਟੈਂਟ ਮਾਡਰੇਸ਼ਨ ਦੇ ਮਾਮਲੇ ਵਿੱਚ ਉਹ ਹਮੇਸ਼ਾਂ ਸਹੀ ਨਹੀਂ ਰਹਿੰਦਾ। ਸੂਤਰਾਂ ਵਿਚੋਂ ਇਕ ਨੇ ਕਿਹਾ ਕਿ ਕਮੇਟੀ ਦੇ ਮੈਂਬਰਾਂ ਦਾ ਭਾਵ ਇਹ ਸੀ ਕਿ ਫੇਸਬੁੱਕ ਵੱਲੋਂ ਪਹਿਲੀਆਂ ਸਾਰੀਆਂ ਉਕਾਈਆਂ ਲਈ ਮਾਫ਼ੀ ਮੰਗੇ ਜਾਣ ਦੇ ਬਾਵਜੂਦ ਉਹ ਜਾਂਚਣ ਤੇ ਪਾਰਦਰਸ਼ਿਤਾ ਵਰਤਣ ਪ੍ਰਤੀ ਇਛੁਕ ਨਹੀਂ ਦਿਸਦੀ।

## ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੱਤ ਰੋਜ਼ਾ ਧਾਰਮਿਕ ਸਮਾਗਮ



ਚੰਡੀਗੜ੍ਹ, 6 ਫ਼ਰਵਰੀ (ਗਿਆਨ ਸਿੰਘ): ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਅਤੇ ਬਾਬਾ ਸਾਧੂ ਸਿੰਘ ਜੀ ਨਾਨਕਸਰ ਵਾਲਿਆਂ ਦੀ ਨਿੱਘੀ ਯਾਦ ਨੂੰ ਸਮਰਪਿਤ ਸੱਤ ਰੋਜ਼ਾ ਧਾਰਮਿਕ ਸਮਾਗਮ ਇੱਥੇ ਸੈਕਟਰ-28 ਸਥਿਤ ਗੁਰਦਵਾਰਾ ਨਾਨਕਸਰ ਵਿਖੇ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਜੀ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਸੰਤ ਗੁਰਦੇਵ ਸਿੰਘ ਨਾਨਕਸਰ ਅਤੇ ਬਾਬਾ ਲੱਖਾ ਸਿੰਘ ਨਾਨਕਸਰ ਵਾਲਿਆਂ ਦੀ ਸਰਪ੍ਰਸਤੀ ਹੇਠ ਸੰਪੰਨ ਹੋਏ ਇੰਨਾਂ ਸਮਾਗਮਾਂ ਵਿੱਚ ਪੰਥ ਦੇ ਪ੍ਰਸਿੱਧ ਰਾਗੀ ਭਾਈ ਬਲਵਿੰਦਰ ਸਿੰਘ ਰੰਗੀਲਾ, ਭਾਈ ਦਵਿੰਦਰ ਸਿੰਘ ਸੋਢੀ, ਭਾਈ ਮਹੰਤ ਸਿੰਘ, ਭਾਈ ਕੁਲਦੀਪ ਸਿੰਘ ਨਾਨਕਸਰ ਵਾਲੇ, ਭਾਈ ਸੰਤੋਖ ਸਿੰਘ ਜਲੰਧਰ ਵਾਲੇ, ਭਾਈ ਮਨਪ੍ਰੀਤ ਸਿੰਘ ਜਗਾਧਰੀ ਵਾਲੇ, ਭਾਈ ਜਸਵਿੰ-ਦਰ ਸਿੰਘ ਯਮੁਨਾਨਗਰ ਵਾਲੇ ਅਤੇ ਭਾਈ ਬਲਜੀਤ ਸਿੰਘ ਸੈਕਟਰ -19 ਚੰਡੀਗੜ੍ਹ ਵਾਲੇ, ਹਜ਼ੂਰੀ ਰਾਗੀ ਭਾਈ ਸਤਵੰਤ ਸਿੰਘ, ਭਾਈ ਬਲਜੀਤ ਸਿੰਘ ਨਾਨਕਸਰ ਚੰਡੀਗੜ੍ਹ ਵਾਲਿਆਂ ਨੇ ਸੰਗਤ ਨੂੰ ਗੁਰੂ ਜਸ ਸੁਣਾਕੇ ਨਿਹਾਲ ਕੀਤਾ।

ਇੰਨਾ ਸਲਾਨਾ ਸਮਾਗਮ ਦੌਰਾਨ ਬਾਬਾ ਲੱਖਾ ਸਿੰਘ ਨਾਨਕਸਰ ਨੇ ਸੰਗਤਾਂ ਨੂੰ ਗੁਰੂ ਨਾਨਕ ਸਾਹਿਬ, ਗੁਰਮਤਿ ਗਿਆਨ ਅਤੇ ਬਾਬਾ ਸਾਧੂ ਸਿੰਘ ਨਾਨਕਸਰ ਦੇ ਜੀਵਨ ਤੋਂ ਜਾਣੂ ਕਰਵਾਉਂਦਿਆਂ ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ ਉਤੇ ਚੱਲਣ ਦੀ ਪ੍ਰੇਰਣਾ ਦਿੱਤੀ। ਉਨ੍ਹਾਂ ਤੋਂ ਇਲਾਵਾ ਪੰਥ ਪ੍ਰਸਿੱਧ ਕਥਾ ਵਾਚਕ ਭਾਈ ਕਰਨੈਲ ਸਿੰਘ ਗਰੀਬ, ਬਾਬਾ ਜੀਤ ਸਿੰਘ ਨਾਨਕਸਰ ਵਾਲਿਆਂ ਨੇ ਵੀ ਹਾਜ਼ਰੀ ਭਰੀ। ਸਮਾਗਮ ਦੇ ਅਖੀਰ ਵਿੱਚ ਸੰਤ ਗੁਰਦੇਵ ਸਿੰਘ ਨਾਨਕਸਰ ਵਾਲਿਆਂ ਨੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਸਮਾਗਮ ਵਿੱਚ ਸਾਬਕਾ ਕੇਂਦਰੀ ਮੰਤਰੀ ਪਵਨ ਬਾਂਸਲ, ਪਸ਼ੂ ਪਾਲਣ ਮੰਤਰੀ ਬਲਵੀਰ ਸਿੰਘ ਸਿੱਧੂ, ਜ਼ਸਟਿਸ (ਸੇਵਾ ਮੁਕਤ) ਇਕਬਾਲ ਸਿੰਘ, ਲੋਕ ਸਭਾ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਬਾਬਾ ਨਰਾਇਣ ਸਿੰਘ ਮੁਜੱਫਰਨਗਰ, ਕੁਲਦੀਪ ਸਿੰਘ ਭਾਂਖਰਪੁਰ, ਭਾਜਪਾ ਆਗੂ ਸੰਜੇ ਟੰਡਨ, ਕਾਂਗਰਸੀ ਨੇਤਾ ਜੀ. ਐਸ ਰਿਆੜ, ਮਾਸਟਰ ਗੁਰਚਰਨ ਸਿੰਘ, ਜਥੇਦਾਰ ਪ੍ਰਿਤਪਾਲ ਸਿੰਘ ਨੇ ਵੀ ਹਾਜ਼ਰੀ ਭਰੀ।




## ਗੁਰੂਹਰਸਹਾਏ ਵਿਖੇ 57 ਕਰੋੜ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦਾ ਰੱਖਿਆ ਨੀਂਹ ਪੱਥਰ

ਗੁਰੂਹਰਸਹਾਏ/ ਫਿਰੋਜ਼ਪੁਰ 6 ਮਾਰਚ (ਗਿਆਨ ਸਿੰਘ): ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਦੀ ਬਿਹਤਰ ਆਵਾਜਾਈ ਲਈ ਕਰੋੜਾਂ ਰੁਪਏ ਦੀ ਲਾਗਤ ਨਾਲ ਸੂਬੇ ਦੀਆਂ ਸੜਕਾਂ ਦੀ ਉਸਾਰੀ ਅਤੇ ਰਿਪੇਅਰ ਦਾ ਕੰਮ ਬੜੇ ਜੋਰ-ਸ਼ੋਰ ਨਾਲ ਕੀਤਾ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਨਿਰਮ-ਾਣ ਤੇ ਸੂਚਨਾ ਤਕਨਾਲੋਜੀ ਮੰਤਰੀ ਵਿਭਾਗ ਵਿਜੇ ਇੰਦਰ ਸਿੰਗਲਾ ਵੱਲੋਂ ਗੁਰੂਹਰਸਹਾਏ ਵਿਖੇ ਕਰੀਬ 57 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਗੋਲੂ ਕਾ ਮੋੜ-ਗੁਰੂਹਰਸਹਾਏ ਤੋ ਸਾਦਿਕ ਰੋਡ, ਗੁਰੂਹਰਸਹਾਏ-ਸ਼੍ਰੀ ਮੁਕਤਸਰ ਸਾਹਿਬ ਰੋਡ ਅਤੇ ਗੁਰੂਹਰਸਹਾਏ ਤੋਂ ਗੁਰਦੁਆਰਾ ਪੋਥੀਮਾਲਾ ਜਾਣ ਵਾਲੀਆਂ ਸੜਕਾਂ ਦਾ ਨੀਂਹ ਪੱਧਰ ਰੱਖਣ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਨਾਲ ਕੈਬਨਿਟ ਮੰਤਰੀ ਖੇਡਾਂ ਤੇ ਯੁਵਕ ਸੇਵਾਵਾਂ ਰਾਣਾ ਗੁਰਮੀਤ ਸਿੰਘ ਸੋਢੀ, ਚੀਫ਼ ਇੰਜੀਨੀਅਰ ਲੋਕ ਨਿਰਮਾਣ ਵਿਭਾਗ ਸ਼੍ਰੀ ਐਸ.ਕੇ ਗੁਪਤਾ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।



ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਨੇ ਕੈਬਨਿਟ ਮੰਤਰੀ ਵਿਜੇ ਇੰਦਰ ਸਿੰਗਲਾ ਧੰਨਵਾਦ ਕਰਦਿਆ ਕਿਹਾ ਕਿ ਉਨ੍ਹਾਂ ਵੱਲੋਂ ਸੜਕਾਂ ਦੇ ਨਵੀਨੀਕਰਨ ਤਹਿਤ ਜੋ ਪ੍ਰਾਜੈਕਟ ਮਨਜ਼ੂਰ ਕੀਤਾ ਗਿਆ ਹੈ, ਉਹ ਬਹੁਤ ਹੀ ਸ਼ਲਾਘਾਯੋਗ ਕੰਮ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਵੱਲੋਂ ਹੋਰ ਵੀ ਕਈ ਪ੍ਰਾਜੈਕਟ ਹਲਕੇ ਦੇ ਵਿਕਾਸ ਲਈ ਲਿਆਂਦੇ ਜਾਣਗੇ। ਉਨ੍ਹਾਂ ਵੱਲੋਂ ਹਲਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਕੱਲ੍ਹ ਮਿਤੀ 7 ਮਾਰਚ ਨੂੰ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਵਿੱਚ ਲੋਕਾਂ ਵੱਲੋਂ ਵੱਧ ਤੋਂ ਵੱਧ ਸ਼ਮੂਲੀਅਤ ਕੀਤੀ ਜਾਵੇ ਤਾਂ ਜੋ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਵੱਲੋਂ ਜਿੱਤ ਪ੍ਰਾਪਤ ਕਰਕੇ ਸੂਬੇ ਦਾ ਹੋਰ ਵਿਕਾਸ ਹੋ ਸਕੇ।

ਇਸ ਮੌਕੇ ਐਸ.ਡੀ.ਐਮ ਕੁਲਦੀਪ ਬਾਵਾ, ਐਸ.ਈ ਇੰਦਰਜੀਤ ਧਨੋਆ, ਕਾਰਜਕਾਰੀ ਇੰਜੀਨੀਅਰ ਕੁਲਬੀਰ ਸਿੰਘ ਸੰਧੂ ਸਮੇਤ ਕਾਂਗਰਸੀ ਆਗੂ ਹੀਰਾ ਸੋਢੀ, ਰਵੀ ਸ਼ਰਮ, ਵੇਦ ਪ੍ਰਕਾਸ਼, ਸਰਪੰਚ ਬਲਦੇਵ ਰਾਜ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਹਲਕਾ ਵਾਸੀ ਹਾਜ਼ਰ ਸਨ।






# ਇਕ ਛੋਹ ਉਸ ਮਿੱਟੀ ਦੀ

ਡਾ ਕਿਰਨਜੀਤ ਕੌਰ ਰੰਧਾਵਾ
ਪ੍ਰਿੰਸੀਪਲ ਡੀ.ਏ.ਵੀ. ਕਾਲਜ ਫਗਵਾੜਾ

ਸਰਦੀ ਦੀ ਰੁਤ ਖ਼ਤਮ ਹੋਣ ਅਤੇ ਗਰਮੀ ਦੀ ਰੁਤ ਸ਼ੁਰੂ ਹੋਣ ਦੇ ਦਰਮਿਆਨ ਦਾ ਸਮਾਂ ਸਭ ਤੋਂ ਵਧ ਖ਼ੂਬਸੂਰਤ ਸਮਾਂ ਹੁੰਦਾ ਹੈ। ਫੁੱਲਾਂ ਦੀਆਂ ਖ਼ੂਬਸੂਰਤ ਡਾਰਾਂ, ਦੂਰ ਤਕ ਜਾਂਦੀ ਇਨ੍ਹਾਂ ਦੀ ਮਹਿਕ, ਨਵੇਂ ਫੁੱਟਦੇ ਹਰੇ ਪੱਤੇ ਅਤੇ ਫਲਦਾਰ ਦਰਖ਼ਤ ਤੇ ਬੇਰ, ਆੜੂ ਅਤੇ ਨਾਸ਼ਪਾਤੀ ਦੇ ਦਰਖ਼ਤਾਂ ਤੇ ਚਿੱਟੇ ਗੁਲਾਬੀ ਨਿੱਕੇ ਨਿੱਕੇ ਫੁਲ ਜਿਵੇਂ ਜੰਨਤ ਸਾਰੀ ਸਿਮਟ ਕੇ ਜ਼ਮੀਨ ਤੇ ਆ ਜਾਂਦੀ ਹੈ। ਭਰ ਸਰਦੀ ਤੇ ਭਰ ਗਰਮੀ ਸਫ਼ਰ ਬਹੁਤ ਮੁਸ਼ਕਿਲ ਲਗਦਾ ਏ। ਸੋ ਇਸ ਬਦਲਦੇ ਮੌਸਮ ਦੇ ਦਿਨਾਂ ਵਿਚ ਦਿਲ ਕਰਦਾ ਏ ਸੈਰ ਸਪਾਟੇ ਦਾ। ਮੇਰਾ ਪੇਕਾ ਘਰ ਅੰਮ੍ਰਿਤਸਰ ਹੈ ਵਾਘਾ ਬਾਰਡਰ ਪਹਿਲਾਂ ਵੀ ਵੇਖਿਆ ਹੈ। ਫਿਰ ਮਨ ਕੀਤਾ ਕਿ ਉੱਥੇ ਪਹੁੰਚਿਆ ਜਾਵੇ ਜਿੱਥੇ ਮੇਰੇ ਵਿਦਿਆਰਥੀਆਂ ਦੇ ਮਨ ਵਿਚ ਉਤਸ਼ਾਹ ਸੀ। ਕਾਰਾਂ ਪਾਰਕਿੰਗ ਵਿਚ ਖੜੀਆਂ ਕਰ ਕੇ ਜਦ ਜਕੋ- ਤਕੀ ਆਪਣੀਆਂ ਸੀਟਾਂ ਵਲ ਵਧ ਰਹੇ ਸਾਂ ਤਾਂ 1947 ਤੋਂ ਪਹਿਲਾਂ ਅਤੇ ਬਾਅਦ ਦੀਆਂ ਮੋਟੀਆਂ ਮੋਟੀਆਂ ਗੱਲਾਂ ਮੈਂ ਹੌਲੀ ਹੌਲੀ ਬੱਚਿਆਂ ਨੂੰ ਸਮਝਾ ਰਹੀ ਸਾਂ। ਕੁਝ ਹੀ ਪਲਾਂ ਵਿਚ ਸੜਕ ਦੇ ਦੋਹੀਂ ਪਾਸੀਂ ਲੋਕਾਂ ਦਾ ਹਜੂਮ ਆਪਣੀਆਂ ਥਾਂਵਾਂ ਮੱਲਣ ਵਿਚ ਰੁੱਝਿਆ ਨਜ਼ਰ ਆ ਰਿਹਾ ਸੀ। ਖ਼ੁਸ਼ੀ ਦੀ ਗੱਲ ਇਹ ਵੀ ਕਿ ਸਕਿਉਰਿਟੀ ਅਤੇ ਡਸਿਪਲਿਨ ਵਾਸਤੇ ਸਾਡੀਆਂ ਸੈਨਿਕ ਕੁੜੀਆਂ ਵੀ ਫ਼ੌਜੀ ਜਵਾਨਾਂ ਨਾਲ ਬਰਾਬਰ ਫ਼ਰਜ਼ ਨਿਭਾ ਰਹੀਆਂ ਸਨ। ਚੀਜ਼ਾਂ ਵੇਚਣ ਵਾਲਿਆਂ ਤੋਂ ਤਿਰੰਗੇ ਝੰਡੇ ਤੇ ਟੋਪੀਆਂ ਜ਼ਿਆਦਾ ਲੋਕਾਂ ਦੇ ਹੱਥਾਂ ਵਿਚ ਪਹੁੰਚ ਚੁਕੇ ਸਨ।

ਥੋੜ੍ਹੀ ਦੇਰ ਵਿਚ ਹੀ ਉੱਚੀ ਉੱਚੀ ਦੇਸ਼ ਭਗਤੀ ਦੇ ਗੀਤਾਂ ਦੀ ਆਵਾਜ਼ ਸ਼ੁਰੂ ਹੋ ਗਈ ਸੀ। ਵੱਖ ਵੱਖ ਥਾਂਵਾਂ ਤੋਂ ਆਏ ਵਿਦਿਆਰਥੀ ਲਗਾਤਾਰ ਭੰਗੜਾ ਗਿੱਧਾ ਪਾ ਰਹੇ ਸਨ। ਉਨ੍ਹਾਂ ਦਾ ਜੋਸ਼ ਥੰਮਣ ਦਾ ਨਾਂ ਹੀ ਨਹੀਂ ਲੈ ਰਿਹਾ ਸੀ। ਗੇਟ ਦੇ ਦੂਜੇ ਪਾਸੇ ਵੀ ਉੱਚੀ ਉੱਚੀ ਦੇਸ਼ ਪਿਆਰ ਦੇ ਜਨੂੰਨੀ ਗਾਣੇ ਚਲ ਰਹੇ ਸਨ। ਸਲਵਾਰ ਕਮੀਜ਼ ਪਾਏ ਢੋਲੀ ਢੋਲ ਵਜਾ ਰਹੇ ਸਨ। ਆਵਾਜ਼ ਗੇਟ ਦੇ ਦੋਹਾਂ ਪਾਸਿਆਂ ਤੇ ਏਨੀ ਜ਼ਿਆਦਾ ਸੀ ਕਿ ਆਪਸ ਵਿਚ ਕਿਸੇ ਨੂੰ ਵੀ ਇਕ ਦੂਜੇ ਦੀ ਗੱਲ ਨਹੀਂ ਸੀ ਸੁਣ ਰਹੀ। ਏਨੇ ਵਿਚ ਇਕ ਨੌਜਵਾਨ ਨੇ ਹੱਥ ਵਿਚ ਮਾਈਕ ਫੜ ਕੇ 'ਝੰਡਾ ਉੱਚਾ ਰਹੇ ਹਮਾਰਾ' ਬੋਲਣ ਸ਼ੁਰੂ ਕੀਤਾ ਤੇ ਲੋਕਾਂ ਨੇ ਵੀ ਵਧ ਚੜ੍ਹ ਕੇ ਜੋਸ਼ ਵਿਖਾਉਂਦੇ ਹੋਏ ਉਸ ਦਾ ਸਾਥ ਦਿੱਤਾ। ਉਹ ਜਦ ਵੀ ਬੋਲਦਾ ਲੋਕ ਲਬਾਲਬ ਦੇਸ਼ ਭਗਤੀ ਵਿਚ ਝੂਮਦੇ ਹੋਏ ਦੋਵੇਂ ਹੱਥ, ਜਿਨ੍ਹਾਂ ਵਿਚ ਤਿਰੰਗੇ ਝੰਡੇ ਫੜੇ ਹੋਏ ਸਨ, ਖੜ੍ਹੇ ਕਰ ਦੇਂਦੇ ਤੇ ਬਾਕੀ ਤਿਰੰਗੀਆਂ ਟੋਪੀਆਂ ਹਵਾ ਵਿਚ ਲਹਿਰਾ ਕੇ ਉਸ ਦਾ ਸਾਥ ਦੇ ਰਹੇ ਸਨ। ਗੇਟ ਦੇ ਦੂਜੇ ਪਾਸੇ ਵੀ ਇਹੋ ਜਿਹੀਆਂ ਕਾਰਵਾਈਆਂ ਦਿਸ ਰਹੀਆਂ ਸਨ। ਦੇਸ਼ ਪ੍ਰੇਮ ਦੇ ਨਾਅਰਿਆਂ ਦੀਆਂ ਆਵਾਜ਼ਾਂ ਦੋਹਾਂ ਪਾਸਿਆਂ ਤੋਂ ਆ ਰਹੀਆਂ ਸਨ; ਲਗਦਾ ਸੀ ਕਿ ਦੋਹਾਂ ਵਿਚ ਮੁਕਾਬਲਾ ਚਲ ਰਿਹਾ ਹੈ।

ਇਸ ਮਗਰੋਂ ਖ਼ਾਸ ਤਰ੍ਹਾਂ ਦੀ ਪਰੇਡ ਦੇ ਮਾਹਿਰ ਨੌਜਵਾਨਾਂ ਨੇ ਆਪਣੀ ਪਰੇਡ ਸ਼ੁਰੂ ਕੀਤੀ। ਫ਼ੌਲਾਦੀ ਜੁੱਸੇ ਅਤੇ ਗ਼ਜ਼ਬ ਦੀ ਚੁਸਤੀ ਅਤੇ ਬਿਜਲੀ ਜੇਹੀ ਤੇਜ਼ੀ ਨਾਲ ਜਦੋਂ ਉਹ ਜ਼ਮੀਨ 'ਤੇ ਪੈਰ ਮਾਰਦੇ ਸੀ ਤਾਂ ਉਹ ਆਪਣੇ ਪਿੱਛੇ ਕੜਕਦੀ ਆਵਾਜ਼ ਅਤੇ ਧਮਕ ਛੱਡ ਜਾਂਦੇ ਸੀ। ਲੋਕ ਤਾੜੀਆਂ ਨਾਲ ਉਨ੍ਹਾ ਦਾ ਸੁਆਗਤ ਕਰਦੇ ਸੀ। ਜਦ ਇਕ ਟੁਕੜੀ ਆਪਣਾ ਕਰਤਬ ਦਿਖਾ ਕੇ ਵਾਪਿਸ ਮੁੜਦੀ ਸੀ ਤਾਂ ਅਗਲੀ ਟੋਲੀ ਆਪਣੀ ਮਹਾਰਤ ਵਿਖਾਉਣ ਵਾਸਤੇ ਅਤੇ ਜੋਸ਼ ਭਰਨ ਵਾਸਤੇ ਆ ਜਾਂਦੀ ਸੀ। ਤਾੜੀਆਂ ਦੀ ਗੜਗੜਾਹਟ ਲਗਾਤਾਰ ਚਲਦੀ ਰਹਿੰਦੀ ਸੀ। ਜੋਸ਼ ਦਾ ਹੜ੍ਹ ਦੋਹੀਂ ਪਾਸਿਆਂ 'ਤੇ ਇੱਕੋ ਜਿਹਾ ਸੀ। ਆਰ ਪਾਰ ਬੈਠੇ ਲੋਕ ਇਕ ਦੂਜੇ ਨੂੰ ਬੜੀ ਉਤਸਕਤਾ ਨਾਲ ਵੇਖ ਰਹੇ ਸਨ। ਸੂਰਜ ਛਿਪਣ ਨੂੰ ਤਿਆਰ ਬੈਠਾ ਸੀ। ਵੰਡ ਦੀ ਟੀਸ ਨੂੰ ਉਹ ਰੋਜ਼ ਮਹਿਸੂਸ ਕਰਦਾ ਹੋਵੇਗਾ; ਇਸੇ ਲਈ ਆਪਣੀ ਰਫ਼ਤਾਰ ਨਾਲ ਸੂਰਜ ਤੋਂ ਪੱਛਮ ਵਲ ਸਰਕਦਾ ਜਾ ਰਿਹਾ ਸੀ।

ਹੁਣ "ਰੀਟਰੀਟ ਸੈਰੇਮਨੀ" ਸ਼ੁਰੂ ਹੋ ਚੁਕੀ ਸੀ। ਸਖ਼ਤ ਪਹਿਰੇ ਅਤੇ ਨਿਗਰਾਨੀ ਹੇਠ ਦੋਹਾਂ ਦੇਸ਼ਾਂ ਦੇ ਗੇਟ ਖੋਲ੍ਹੇ ਗਏ। ਝੰਡਿਆਂ ਦੇ ਸਨਮਾਨ ਦੀਆਂ ਰਿਵਾਇਤਾਂ ਪੂਰੀਆਂ ਕਰਦੇ ਹੋਏ ਉਨ੍ਹਾਂ ਨੂੰ ਸਮੇਟਿਆ ਗਿਆ। ਇਸ ਦੇ ਚਲਦੇ ਹੋਏ ਕਿਸੇ ਨੂੰ ਆਪਣੀ ਸੀਟ ਤੋਂ ਉਠਣ ਦੀ ਇਜਾਜ਼ਤ ਨਹੀਂ ਸੀ। ਦੋ ਚਾਰ ਕੁੱਤੇ ਇਧਰੋਂ ਉਧਰ ਜਾਂ ਉਧਰ ਤੋਂ ਇਧਰ ਆਰਾਮ ਨਾਲ ਲੰਘਦੇ ਦਿਖਾਈ ਦੇਂਦੇ ਤਾਂ ਲੋਕ ਹੱਸ ਪੈਂਦੇ ਸਨ। ਆਸਮਾਨ ਵਿਚ ਉਡ ਕੇ ਪੰਛੀ ਇਧਰ ਉਧਰ ਜਾਂਦੇ ਦਿੱਸੇ। ਹੈਰਾਨੀ ਦੀ ਗੱਲ ਹੈ ਕਿ ਇਨਸਾਨਾਂ 'ਤੇ ਤਾਂ ਬੰਦਿਸ਼ ਹੈ, ਪਰ ਇਹ ਆਜ਼ਾਦ ਹਨ। ਇਨ੍ਹਾਂ ਨੂੰ ਸਰਹੱਦ ਪਾਰ ਕਰਨ ਵਾਸਤੇ ਇਜਾਜ਼ਤ ਨਹੀਂ ਲੈਣੀ ਪੈਂਦੀ। ਹਵਾ ਵੀ ਇਕੋ ਜਿਹੀ ਦੋਹਾਂ ਪਾਸਿਆਂ ਤੋਂ ਆ ਜਾ ਰਹੀ ਸੀ।

ਮੇਰੀ ਸੋਚ ਉਡਾਰੀ ਮਾਰ ਕੇ ਉਨ੍ਹਾਂ ਕੰਧਾਂ ਦੀ ਛੋਹ ਮਹਿਸੂਸ ਕਰ ਰਹੀ ਸੀ ਜਿਥੇ ਲਾਹੌਰ ਵਿਚ ਮੇਰੇ ਪਿਤਾ ਜੀ, ਭੂਆ, ਚਾਚੇ ਤੇ ਤਾਇਆ ਜੀ ਪੈਦਾ ਹੋਏ ਸਨ। ਅੱਜ ਉਰਦੂ ਦੇ 'ਜੀਮ - ਚੇ - ਹੇ - ਖੇ' ਯਾਦ ਆ ਰਹੇ ਹਨ ਜੋ ਕਦੇ ਤਾਇਆ ਜੀ ਨੇ ਮੈਨੂੰ ਸਿਖਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ ਹੁਣ ਤਾਂ ਉਹ ਤੀਜੀ ਪੀੜ੍ਹੀ ਵੀ ਅਲੋਪ ਹੋ ਗਈ ਹੈ ਜਿਹੜੀ ਉਰਦੂ ਲਿੱਪੀ ਦੀ ਜਾਣਕਾਰੀ ਰਖਦੀ ਸੀ। ਅਜ ਵੀ ਲਾਹੌਰ ਤੋਂ ਇਤਿਹਾਸ ਦੇ ਮਾਹਿਰ ਸਾਡੀ ਯੂਨੀਵਰਸਿਟੀ ਵਿਚ ਲੈਕਚਰ ਦੇਣ ਵਾਸਤੇ ਆ ਰਹੇ ਸਨ ਪਰ ਸਭ ਕੁਝ ਬੰਦਿਸ਼ਾਂ ਅਧੀਨ ਹੈ। ਮੈਨੂੰ ਯਾਦ ਹੈ 1971 ਦੀ ਜੰਗ ਦੌਰਾਨ ਸਰਹੱਦ 'ਤੇ ਗੋਲੀ ਚਲਦੀ ਸੀ ਤਾਂ ਉਸ ਦੀ ਲਾਲੀ ਤੇ ਆਵਾਜ਼ ਅੰਮ੍ਰਿਤਸਰ ਸਾਡੇ ਘਰ ਤਕ ਸੁਣਦੀ ਸੀ। ਫਿਰ 1984 ਦੇ ਦਿੱਲੀ ਦੇ ਕਤਲੇਆਮ ਨੇ ਵੀ ਇਸੇ ਤਰ੍ਹਾਂ ਦਿਲ ਕੰਬਾਇਆ ਸੀ। ਇਹ ਸਭ ਕਿਹੜੀਆਂ ਤੰਗ ਦਿਲੀਆਂ ਦਾ ਨਤੀਜਾ ਹੈ? ਅਜ ਤਕ ਕੋਈ ਸਮਝ ਨਹੀਂ ਆ ਸਕਿਆ। ਮੁਹੱਬਤ ਦੀਆਂ ਤੰਦਾਂ ਖੁਲ੍ਹਣ ਦੀ ਥਾਂ ਦਿਨੋ-ਦਿਨ ਹੋਰ ਉਲਝੀ ਜਾਂਦੀਆਂ ਹਨ। ਸਾਂਝਾ ਪੰਜਾਬ ਸੀ ਜੋ 1947 ਦੀ ਵੰਡ ਨਾਲ ਪੱਛਮੀ ਤੇ ਪੂਰਬੀ ਦੋ ਹਿੱਸਿਆਂ ਵਿਚ ਵੰਡਿਆ ਗਿਆ। ਦੋਹਾਂ ਦੇ ਗੇਟ ਲਗ ਗਏ ਤੇ ਕਿੰਨੀ ਨੇੜੇ ਹੋ ਕੇ ਵੀ ਦੂਰ ਹੋ ਗਏ। ਭਾਰਤੀ ਪੰਜਾਬ ਤੇ ਪਾਕਿਸਤਾਨੀ ਪੰਜਾਬ ਕਿੰਨਾ ਔਖਾ ਲੋਕਾਂ ਦੀ ਜ਼ੁਬਾਨ 'ਤੇ ਚੜ੍ਹਿਆ ਹੋਵੇਗਾ। ਪੰਜਾਬ ਦੀ ਰੰਗੀਨ ਧਰਤੀ ਦੇ ਚਿਹਰੇ 'ਤੇ ਲੱਗੇ ਦਾਗ਼ ਅਤੇ ਜ਼ਖ਼ਮ ਨੂੰ ਮਨੁੱਖੀ ਹੰਝੂ ਕਈ ਵਰ੍ਹੇ ਧੋਣ ਦੀ ਕੋਸ਼ਿਸ਼ ਕਰਦੇ ਰਹੇ। ਇਸ ਵੰਡ 'ਤੇ ਕਈ ਨਾਵਲ ਕਹਾਣੀਆਂ ਲਿਖੀਆਂ ਗਈਆਂ। ਜਿਸ ਪੀੜ੍ਹੀ ਨੇ ਇਹ ਦਰਦ ਹੰਡਾਇਆ ਸੀ ਹੁਣ ਤਾਂ ਉਹ ਵੀ ਮੁੱਕ ਗਈ ਹੈ। ਜਿੰਨੇ ਲੋਕ ਉਧਰ ਜਾਂਦੇ ਹਨ ਮੁਹੱਬਤ ਦੀ ਹਵਾ ਵਾਪਿਸ ਲਿਆਉਂਦੇ ਹਨ ਤੇ ਜਿਹੜੇ ਇਧਰੋਂ ਹੋ ਕੇ ਜਾਂਦੇ ਹਨ ਉਹ ਵੀ ਇਹੋ ਜਿਹੇ ਪੈਗ਼ਾਮ ਉਧਰ ਪਹੁੰਚਾਉਂਦੇ ਹਨ। ਕਲਾਕਾਰ ਤੇ ਸੋਸ਼ਲ ਮੀਡੀਆ ਵਿਰਸਾ ਜੋੜਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਕੋਈ ਖ਼ੂਨ ਵਹਾਉਣਾ ਨਹੀਂ ਚਾਹੁੰਦਾ। ਮਾਨਵਤਾ ਅਮਨ ਚਾਹੁੰਦੀ ਹੈ; ਉਸ ਨੇ ਸਿਆਸਤ ਤੋਂ ਕੀ ਲੈਣਾ ਹੈ! ਅਗਲੀ ਪੀੜ੍ਹੀ ਕਈ ਮੁਸ਼ਕਿਲਾਂ ਤੋਂ ਉਪਰ ਉਠ ਚੁਕੀ ਹੈ। ਇਹ ਸੋਚ ਮੇਰੇ ਦਿਮਾਗ਼ ਵਿਚ ਚਚਲਦੀ ਰਹੀ ਤੇ ਅੱਖਾਂ ਸਾਹਮਣੇ ਚਲ ਰਹੇ ਮੰਜ਼ਰ ਨੂੰ ਵੇਖਦੀਆਂ ਰਹੀਆਂ। ਖੁਲ੍ਹੇ ਗੇਟ ਬੰਦ ਹੋ ਗਏ ਪਰ ਸਾਡੀਆਂ ਉਮੀਦਾਂ ਅੱਜ ਵੀ ਖੁਲ੍ਹ ਰਹੀਆਂ ਹਨ।

ਕੀ ਇਹ ਗੇਟ ਕਦੇ ਸਦਾ ਵਾਸਤੇ ਵੀ ਖੁਲ੍ਹਣਗੇ, ਕਹਿਣਾ ਮੁਸ਼ਕਿਲ ਹੈ ਇਹ ਅਜਿਹਾ ਉਲਝਿਆ ਸਵਾਲ ਹੈ ਜਿਸ ਦਾ ਜਵਾਬ ਨਹੀਂ ਮਿਲਣਾ। ਲੋਕ ਖੜੇ ਆਪਣੀਆਂ ਸੈਲਫ਼ੀਆਂ ਲੈਣ ਵਿਚ ਮਸਤ ਸਨ। ਕਈਆਂ ਨੇ ਵਾਪਿਸ ਮੁੜਨਾ ਸ਼ੁਰੂ ਕਰ ਦਿੱਤਾ ਸੀ। ਜਿਸ ਬਾਰਡਰ ਦੀ ਲਕੀਰ ਨੂੰ ਦਾਦਾ ਜੀ, ਜੋ ਅੰਗਰੇਜ਼ੀ ਪੁਲਸ ਵਿਚ ਅਫ਼ਸਰ ਸਨ, ਕਈ ਵਾਰ ਲਕੀਰ ਪਾਰ ਕਰ ਕੇ ਏਧਰ ਆਏ ਹੋਣਗੇ ਤੇ ਕਈ ਵਾਰ ਮੁੜੇ ਹੋਣਗੇ; ਉਨ੍ਹਾਂ ਨੇ ਤਾਂ ਕਦੇ ਗੇਟ ਲੱਗਣ ਦੀ ਸੋਚ ਵੀ ਨਹੀਂ ਸੋਚੀ ਹੋਣੀ। ਮੈਂ ਉਸ ਪਵਿੱਤਰ ਮਿੱਟੀ ਨੂੰ ਮੱਥਾ ਟੇਕਿਆ ਜਿੱਥੇ ਅੱਜ ਵੀ ਮੇਰੇ ਬਜ਼ੁਰਗਾਂ ਦੀ ਪੈੜ ਮੈਨੂੰ ਨਜ਼ਰ ਆ ਰਹੀ ਸੀ, ਤੇ ਵਾਪਿਸ ਮੁੜ ਆਈ।

# ਉਡੀਕਦੇ ਬੂਹੇ

-ਸਤਨਾਮ ਚੌਹਾਨ

ਸਾਰੇ ਜੀਵ, ਪਸ਼ੂ ਪੰਛੀ ਆਪਣਾ ਘਰ ਬਣਾਉਂਦੇ ਹਨ। ਮਨੁੱਖ ਰੀਝਾਂ ਨਾਲ ਘਰ ਬਣਾਉਂਦਾ ਹੈ। ਪਸ਼ੂ ਜਿਸ ਕਿੱਲੇ ਰੋਜ਼ ਬੱਝਦੇ ਹਨ, ਉਹ ਉਥੇ ਆਉਣਾ ਪਸੰਦ ਕਰਦੇ ਹਨ। ਉਨ੍ਹਾਂ ਨੂੰ ਭਾਵੇਂ ਕਿੰਨੀ ਦੂਰ ਚਰਾਂਦਾਂ ਵਿੱਚ ਲੈ ਜਾਓ, ਉਹ ਫੇਰ ਘਰ ਪਰਤਦੇ ਹਨ। ਆਪਣੇ ਬੂਹੇ ਦੀ ਪਸ਼ੂ ਨੂੰ ਪੂਰੀ ਪਛਾਣ ਹੁੰਦੀ ਹੈ। ਬੂਹੇ ਦੀ ਅਹਿਮੀਅਤ ਤਾਂ ਬਣਦੀ ਹੈ ਕਿ ਇਨ੍ਹਾਂ ਵਿੱਚ ਹੁੰਦਾ ਬੰਦਾ ਸੁਰੱਖਿਅਤ ਮਹਿਸੂਸ ਕਰੇ। ਇਹ ਸੁਰੱਖਿਆ ਬੂਹਾ ਦਿੰਦਾ ਹੈ। ਜਦੋਂ ਕੋਈ ਆਪਣਾ ਪਿਆਰਾ ਕਿਤੇ ਦੂਰ ਦੁਰਾਡੇ ਜਾਂਦਾ ਹੈ ਤੇ ਸਾਲਾਂ ਤੱਕ ਵਾਪਸ ਨਹੀਂ ਆਉਂਦਾ ਤਾਂ ਘਰ ਦੇ ਬਾਕੀ ਜੀਆਂ ਵਾਂਗ ਬੂਹੇ ਵੀ ਉਨ੍ਹਾਂ ਨੂੰ ਉਡੀਕਦੇ ਹਨ। ਅੱਜ ਕੱਲ੍ਹ ਬਾਹਰ ਜਾਣ ਦਾ ਦੌਰ ਚੱਲਿਆ ਹੋਇਆ ਹੈ। ਪੁੱਤਰ/ ਧੀਆਂ ਵਿਦੇਸ਼ ਤੁਰ ਜਾਂਦੇ ਹਨ। ਪਿੱਛੇ ਆਪਣਿਆਂ ਨੂੰ ਛੱਡ ਜਾਂਦੇ ਹਨ, ਜੋ ਦਿਨ ਰਾਤ ਬੂਹੇ ਦੇ ਨਾਲ ਉਨ੍ਹਾਂ ਨੂੰ ਉਡੀਕਦੇ ਹਨ। ਜੋ ਘਰੋਂ ਜਾਂਦਾ ਹੈ, ਬੂਹਾ ਸਦਾ ਉਸ ਦੀ ਉਡੀਕ ਕਰਦਾ ਹੈ। ਬੂਹੇ ਦੀ ਕਿਸਮਤ ਵਿੱਚ ਘਰੋਂ ਗਏ ਦੀ ਉਡੀਕ ਲਿਖੀ ਹੁੰਦੀ ਹੈ। ਘਰ ਵਿੱਚ ਵੱਸਦੀ ਬ੍ਰਿਹਣ ਵੀ ਹਿਰਸ ਨਾਲ ਉਡੀਕਦੀ ਹੈ। ਅੱਜ ਕੱਲ੍ਹ ਬੁੱਢੇ ਮਾਂ ਬਾਪ ਬੂਹੇ ਨਾਲ ਲੱਗ ਕੇ ਆਪਣੇ ਦੂਰ ਵਿਦੇਸ਼ ਗਏ ਬੱਚਿਆਂ ਦੀ ਉਡੀਕ ਕਰਦੇ ਹਨ। ਦੂਰ-ਦੂਰ ਤੱਕ ਉਹ ਨਿਰਾਸ਼ੀਆਂ ਨਜ਼ਰਾਂ ਨਾਲ ਵੇਖਦੇ ਹਨ। ਇਨ੍ਹਾਂ ਨੂੰ ਵੇਖ-ਵੇਖ ਬੂਹਾ ਵੀ ਉਦਾਸ ਹੋ ਜਾਂਦਾ ਹੈ।

ਬੂਹਾ ਘਰ ਦੀ ਰਾਖੀ ਕਰਦਾ ਹੈ। ਇਹ ਚੋਰ ਉਚੱਕਿਆਂ ਤੋਂ ਘਰ ਸੁਰੱਖਿਅਤ ਰੱਖਦਾ ਹੈ। ਮੰਗਣ ਆਇਆ ਮੰਗਤਾ ਇਸ ਬੂਹੇ 'ਤੇ ਦਸਤਕ ਦਿੰਦਾ ਹੈ। ਕਹਿੰਦੇ; ਬੂਹੇ ਜੋ ਮੰਗਣ ਆਇਆ, ਉਸ ਨੂੰ ਕਿਉਂ ਖਾਲੀ ਮੋੜਨਾ। ਕੀ ਪਤਾ ਰੱਬ ਕਿਸ ਰੂਪ ਵਿੱਚ ਆ ਜਾਵੇ। ਕੀ ਪਤਾ ਰਾਂਝਾ ਜੋਗੀ ਹੀ ਹੋਵੇ, ਜੋ ਖ਼ੈਰ ਲੈਣ ਦੇ ਬਹਾਨੇ ਦੀਦਾਰ ਕਰਨਾ ਚਾਹੇ।

ਬੂਹਾ ਇੱਜ਼ਤਾਂ ਢੱਕਦਾ ਹੈ। ਪਰਦੇ ਰੱਖਦਾ ਤੇ ਪ੍ਰਾਹੁਣਿਆਂ ਦੀ ਉਡੀਕ ਕਰਦਾ ਹੈ। ਜੇ ਕੋਈ ਸਾਂਵਲਾ ਪ੍ਰਾਹੁਣਾ ਆਉਂਦਾ ਹੈ ਤਾਂ ਬੂਹਾ ਨੱਚ ਉਠਦਾ ਹੈ। ਖਿੜ ਜਾਂਦਾ ਹੈ, ਨਸ਼ਿਆ ਜਾਂਦਾ ਹੈ। ਔਰਤਾਂ ਅਤੇ ਬਿਰਧ ਬੂਹੇ ਸਹਾਰੇ ਹੀ ਸਵੇਰ ਚੜਾਉਂਦੇ ਦਿਨ ਕੱਟਦੇ ਹਨ। ਬੂਹਾ ਦਰਵੇਸ਼ ਇਨ੍ਹਾਂ ਦੀ ਚੱਤੋ ਪਹਿਰ ਰਾਖੀ ਕਰਦਾ ਹੈ। ਇਸੇ ਬੂਹੇ ਸਹਾਰੇ ਕਈ ਮੁਟਿਆਰਾਂ ਆਪਣਾ ਸਾਰਾ ਜੀਵਨ ਉਡੀਕ ਕਰਦੀਆਂ ਹੋਈਆਂ ਬਿਤਾ ਦਿੰਦੀਆਂ ਹਨ।

ਜਦੋਂ ਕਿਸੇ ਬ੍ਰਿਹਣ ਦਾ ਪ੍ਰਦੇਸੀ ਪਤੀ ਘਰ ਆਉਣਾ ਹੋਵੇ ਤਾਂ ਉਸ ਨਾਲ ਬੂਹਾ ਵੀ ਨੱਚ ਉਠਦਾ ਹੈ। ਉਹ ਗਾਉਂਦਾ ਹੋਇਆ ਪ੍ਰਤੀਤ ਹੁੰਦਾ ਹੈ। ਸੰਦਲੀ ਹਵਾਵਾਂ ਨੂੰ ਰੋਕਦਾ ਨਹੀਂ, ਸਗੋਂ ਅੰਦਰ ਆਉਣ ਦਿੰਦਾ ਹੈ। ਇਹ ਬੂਹੇ ਦੀ ਵਡਿਆਈ ਹੈ। ਜਦੋਂ ਚਿਰਾਂ ਦਾ ਪ੍ਰਦੇਸ ਗਿਆ ਮਾਹੀ ਘਰ ਨਹੀਂ ਪਰਤਦਾ ਤਾਂ ਬ੍ਰਿਹਣ ਆਪਣੇ ਮਾਹੀ ਨੂੰ ਕਹਿੰਦੀ ਹੈ:

ਜੇ ਤੂੰ ਚਲਿਆ ਚਾਕਰੀ,
ਵੇ ਇੱਥੇ ਵਸੇਗਾ ਕਿਹੜਾ,
ਬੂਹੇ ਨੂੰ ਮਾਰਾਂਗੀ ਜਿੰਦਰਾ ਵੇ,
ਪੇਕੇ ਲਾ ਲਵਾਂਗੀ ਡੇਰਾ।

ਕਈ ਵਾਰ ਵੱਸਦੇ ਰਸਦੇ ਘਰਾਂ ਨੂੰ ਸਦਾ ਲਈ ਜਿੰਦਰੇ ਵੱਜ ਜਾਂਦੇ ਹਨ। ਜਦੋਂ ਕੋਈ ਪ੍ਰਦੇਸ ਜਾ ਵਸਦਾ ਹੈ ਤੇ ਪਿੱਛੋਂ ਬੁੱਢੇ ਮਾਂ ਬਾਪ ਅਗਲੇ ਘਰ ਚਲੇ ਜਾਂਦੇ ਹਨ ਤਾਂ ਉਦੋਂ ਦੁੱਖ ਹੁੰਦਾ ਹੈ। ਜਦੋਂ ਔਲਾਦ ਹੀ ਆਪਣੇ ਮਾਂ ਬਾਪ ਲਈ ਬੂਹਾ ਬੰਦ ਕਰ ਲੈਂਦੀ ਹੈ, ਉਦੋਂ ਬੂਹਾ ਬੇਵੱਸ ਹੁੰਦਾ ਹੈ। ਉਦਾਸ ਤੇ ਹੈਰਾਨ ਹੁੰਦਾ ਹੈ ਕਿ ਕੀ ਹੋ ਗਿਆ ਇਨਸਾਨ ਨੂੰ, ਤੜਫਦਾ ਹੈ, ਪਰ ਉਹ ਕੀ ਕਰ ਸਕਦਾ ਹੈ। ਬੂਹੇ ਉਦੋਂ ਵੀ ਬੰਦ ਹੁੰਦੇ ਹਨ, ਜਦੋਂ ਕੋਈ ਮੁਟਿਆਰ ਆਪਣੇ ਕਿਸੇ ਪਿਆਰੇ ਨਾਲ ਸਰਦਲ ਟੱਪ ਜਾਂਦੀ ਹੈ। ਬੂਹਾ ਬੇਵੱਸ ਹੁੰਦਾ, ਰੋਕਣ ਦੀ ਕੋਸ਼ਿਸ਼ ਕਰਦਾ, ਪਰ ਪਿਆਰ ਵਿੱਚ ਭਿੱਜੀ ਉਹ ਬੂਹਾ ਟੱਪ ਜਾਂਦੀ ਹੈ। ਫੇਰ ਕਈ ਵਾਰ ਉਸ ਦੇ ਬੂਹੇ ਸਦਾ ਲਈ ਬੰਦ ਹੋ ਜਾਂਦੇ ਹਨ। ਅਗਲੇ ਥਾਂ ਉਸ ਦੇ ਲਈ ਕੋਈ ਬੂਹਾ ਖੁੱਲ੍ਹਦਾ ਹੈ ਜਾਂ ਨਹੀਂ, ਰੱਬ ਜਾਣੇ।

ਬੂਹਿਆਂ ਦੇ ਅੰਦਰ ਸਾਜ਼ਿਸ਼ਾਂ ਘੜੀਆਂ ਜਾਂਦੀਆਂ ਹਨ। ਵੈਰ ਪਲਦੇ ਹਨ। ਬੂਹਿਆਂ ਦੇ ਅੰਦਰ ਲੁਕਵੇਂ ਰਿਸ਼ਤੇ ਪਲਦੇ ਹਨ। ਬੂਹਾ ਇਹ ਦੇਖ ਕੇ ਬਰਦਾਸ਼ਤ ਕਰਦਾ ਹੈ। ਬੰਦ ਬੂਹਿਆਂ ਅੰਦਰ ਰਾਜਸੀ ਚਾਲਾਂ ਘੜੀਆਂ ਜਾਂਦੀਆਂ ਹਨ, ਨੀਤੀਆਂ ਘੜੀਆਂ ਜਾਂਦੀਆਂ ਹਨ। ਵਿਚਾਰਾ ਬੂਹਾ ਸਭ ਕੁਝ ਸੁਣਦਾ, ਵੇਖਦਾ ਕੁਝ ਨਹੀਂ ਕਰ ਸਕਦਾ। ਨਵੀਂ ਵਿਆਹੀ ਆਈ ਦੁਲਹਨ ਵੀ ਬੂਹੇ ਵਿੱਚ ਖਲੋ, ਚੁਗਾਠ ਫੜ ਕੇ ਘਰ ਦੇ ਅੰਦਰ ਕਦਮ ਰੱਖਦੀ ਹੈ। ਜਦੋਂ ਉਸ ਦੇ ਵਿਹੜੇ ਰੌਣਕ ਲੱਗਦੀ ਹੈ ਤਾਂ ਬੂਹਾ ਖੁਸ਼ ਹੋ ਜਾਂਦਾ। ਉਹ ਨਵੀਂ ਵਿਆਹੀ ਆਈ ਨੂੰ ਜੀ ਆਇਆਂ ਆਖਦਾ ਹੈ ਤੇ ਇੰਜ ਲੱਗਦਾ ਜਿਵੇਂ ਉਹ ਕਹਿ ਰਿਹਾ ਹੋਵੇ ਕਿ ਸਦੀਆਂ ਤੋਂ ਮੈਂ ਹੀ ਧੀਆਂ, ਭੈਣਾਂ ਤੇ ਹੋਰ ਘਰ ਦੀ ਇੱਜ਼ਤ ਰੱਖਦਾ ਆਇਆਂ ਹਾਂ ਤੇ ਅੱਗੋਂ ਵੀ ਰੱਖਾਂਗਾ। ਬੂਹੇ ਨਾ ਹੋਣ ਤਾਂ ਪਰਦਾ ਵੀ ਨਹੀਂ ਹੋਵੇਗਾ। ਬੂਹਾ ਚੰਗੇ ਮਾੜੇ ਦੇ ਪਰਦੇ ਢਕਦਾ ਹੈ। ਇੱਜ਼ਤ ਰੱਖਦਾ ਹੈ। ਖੁੱਲ੍ਹੇ ਬੂਹਿਆਂ ਨਾਲ ਜ਼ਿੰਦਗੀ ਹੈ। ਚਾਅ ਮਲ੍ਹਾਰ ਹਨ। ਰੌਣਕਾਂ ਤੇ ਖੁਸ਼ੀਆਂ ਹਨ। ਕੁਦਰਤ ਸਭ ਦੇ ਬੂਹੇ ਖੁੱਲ੍ਹੇ ਰੱਖੇ ਤੇ ਜ਼ਿੰਦਗੀ ਧੜਕਦੀ ਰਹੇ। ਬੂਹੇ ਹਮੇਸ਼ਾ ਘਰ ਆਏ ਨੂੰ ਜੀ ਆਇਆਂ ਆਖਣ ਤੇ ਗਿਆਂ ਨੂੰ ਉਡੀਕਣ।

# ਜਦੋਂ ਇੰਟਰਵਿਊ ਲਈ ਭਾਜੜ ਪਈ..

-ਅਮਰੀਕ ਸਿੰਘ ਦਿਆਲ-

ਬੀਏ ਦੇ ਦੂਜੇ ਸਾਲ ਵਿੱਚ ਸਰਕਾਰੀ ਕਾਲਜ ਪੋਜੇਵਾਲ ਵਿੱਚ ਦਾਖ਼ਲ ਹੋਇਆ ਤਾਂ ਲਾਇਬ੍ਰੇਰੀ ਜਾ ਕੇ ਅਖ਼ਬਾਰਾਂ ਪੜ੍ਹਨੀਆਂ ਨਿੱਤਨੇਮ ਬਣ ਗਿਆ ਸੀ। ਇਕ ਦਿਨ ਅਖ਼ਬਾਰ ਵਿੱਚ ਇਸ਼ਤਿਹਾਰ ਪੜ੍ਹਿਆ, ਮਾਲ ਵਿਭਾਗ ਵਿੱਚ ਜ਼ਿਲਾ ਪੱਧਰ 'ਤੇ ਅਸਾਮੀਆਂ ਨਿਕਲੀਆਂ ਸਨ। ਮੈਂ ਅਰਜ਼ੀ ਡਾਕ ਰਾਹੀਂ ਭੇਜ ਦਿੱਤੀ। ਕੁਝ ਦਿਨਾਂ ਵਿੱਚ ਲਿਖਤੀ ਪੇਪਰ ਹੋਇਆ। ਪੇਪਰ ਦੇਣ ਗਏ ਮੁੰਡਿਆਂ ਵਿੱਚ ਆਮ ਚਰਚਾ ਸੀ ਕਿ ਸਿਫਾਰਸ਼ ਤੋਂ ਬਿਨਾਂ ਕੰਮ ਬਣਨ ਵਾਲਾ ਨਹੀਂ। ਜਿਹੜੇ ਨੌਕਰੀ 'ਤੇ ਰੱਖਣੇ ਹਨ, ਉਹ ਪਹਿਲਾਂ ਹੀ ਤੈਅ ਹਨ। ਪੇਪਰ ਤਾਂ ਮਹਿਜ਼ ਲੋਕ ਦਿਖਾਵਾ ਹੈ। ਪੰਜ ਛੇ ਦਿਨ ਬਾਅਦ ਕਾਲਜ ਵਿੱਚ ਛੁੱਟੀ ਹੋਣ ਤੋਂ ਥੋੜ੍ਹਾ ਸਮਾਂ ਪਹਿਲਾਂ ਅਖ਼ਬਾਰ 'ਤੇ ਅਜੇ ਸਰਸਰੀ ਜਿਹੀ ਝਾਤ ਮਾਰੀ ਕਿ ਪਿਛਲੇ ਹਫਤੇ ਦਿੱਤੇ ਟੈਸਟ ਦਾ ਨਤੀਜਾ ਛਪਿਆ ਹੋਇਆ ਦਿਸਿਆ। ਮੈਰਿਟ ਸੂਚੀ ਵਿੱਚ ਮੇਰਾ ਰੋਲ ਨੰਬਰ ਉਪਰਲੀ ਕਤਾਰ ਵਿੱਚ ਸੀ। ਪੜ੍ਹ ਕੇ ਖੁਸ਼ੀ ਹੋਈ, ਪਰ ਜਲਦੀ ਹੀ ਪਰੇਸ਼ਾਨੀ ਵਿੱਚ ਬਦਲ ਗਈ। ਮੈਰਿਟ ਵਿੱਚ ਆਏ ਉਮੀਦਵਾਰਾਂ ਨੂੰ ਅੱਜ ਹੀ ਪੰਜ ਵਜੇ ਤੋਂ ਪਹਿਲਾਂ ਇੰਟਰਵਿਊ ਲਈ ਬੁਲਾਇਆ ਗਿਆ ਸੀ। ਦੋ ਵੱਜ ਚੁੱਕੇ ਸਨ। ਬੱਸ ਤੋਂ ਬਿਨਾਂ ਆਵਾਜਾਈ ਦਾ ਕੋਈ ਸਾਧਨ ਨਹੀਂ ਸੀ। ਬੱਸ ਵੀ ਦਿਹਾੜੀ ਦੀ ਤਿੰਨ ਵਾਰ ਸਵੇਰੇ, ਦੁਪਹਿਰ ਤੇ ਸ਼ਾਮ ਨੂੰ ਜਾਂਦੀ ਸੀ। ਘਰੋਂ ਸਰਟੀਫਿਕੇਟ ਵੀ ਲੈਣੇ ਸਨ।

ਹਿੰਮਤ ਕਰਕੇ ਆਪਣੇ ਇਲਾਕੇ ਵੱਲ ਜਾਂਦੀ ਸੜਕ 'ਤੇ ਖੜੋ ਗਿਆ ਤੇ ਸਕੂਟਰ ਵਾਲੇ ਹਰ ਬੰਦੇ ਨੂੰ ਹੱਥ ਦੇਣਾ ਸ਼ੁਰੂ ਕਰ ਦਿੱਤਾ। ਦੋ ਤਿੰਨ ਜਣਿਆਂ ਨੇ ਮੇਰੇ ਵੱਲ ਦੇਖਿਆ ਵੀ ਨਹੀਂ, ਦੋ ਕੁ ਨੇ 'ਬਸ ਏਥੇ ਈ ਜਾਣੈ' ਕਹਿ ਕੇ ਸਕੂਟਰ ਭਜਾ ਲਏ। ਇਕ ਭੱਦਰ ਪੁਰਖ ਨੇ ਮੈਨੂੰ ਬਿਠਾ ਲਿਆ ਪਰ ਉਸ ਨੇ ਮੇਰੇ ਅੱਧੇ ਪੈਂਡੇ ਤੱਕ ਹੀ ਜਾਣਾ ਸੀ। ਮੈਂ ਉਸ ਨੂੰ ਕਹਿ ਹੀ ਨਾ ਸਕਿਆ ਕਿ ਬਹੁਤ ਜ਼ਰੂਰੀ ਹੋਣ ਕਰਕੇ ਘਰ ਤੱਕ ਛੱਡ ਆਵੇ। ਅੱਧੇ ਪੈਂਡੇ ਉਤਰ ਕੇ ਉਸ ਦਾ ਧੰਨਵਾਦ ਕਰਦੇ ਨੂੰ ਘਰ ਪੁੱਜਣ ਦੀ ਚਿੰਤਾ ਨੇ ਫਿਰ ਘੇਰ ਲਿਆ। ਸਾਹਮਣੇ ਅੱਡੇ ਵਿੱਚ ਸਾਈਕਲ ਮਕੈਨਿਕ ਦੀ ਦੁਕਾਨ ਕਰਦੇ ਸਾਡੇ ਪਿੰਡ ਦੇ ਬੰਦੇ ਵੱਲ ਮੇਰੀ ਨਜ਼ਰ ਪਈ। ਮੈਂ ਸਾਰੀ ਗੱਲ ਉਹਨੂੰ ਦੱਸੀ। ਉਸ ਨੇ ਝੱਟ ਆਪਣੇ ਸਾਈਕਲ ਵੱਲ ਇਸ਼ਾਰਾ ਕੀਤਾ, 'ਲੈ ਜਾ ਇਹ ਨੂੰ, ਮੈਂ ਆਪੇ ਔਖਾ ਸੌਖਾ ਪਿੰਡ ਪੁੱਜ ਜਾਊ।'

ਹੁਣ ਸਾਈਕਲ ਦੇ ਪੈਡਲਾਂ ਨਾਲੋਂ ਮੇਰਾ ਮਨ ਕਾਹਲਾ ਵਗ ਰਿਹਾ ਸੀ। ਸਾਈਕਲ ਦਾ ਇਕ ਭੈੜ ਹੈ ਕਿ ਜਦੋਂ ਕਾਹਲੀ ਹੋਵੇ ਤਾਂ ਚੇਨ ਜ਼ਰੂਰ ਉਤਰਦੀ ਹੈ। ਚੇਨ ਨੇ ਛੇ ਕਿਲੋਮੀਟਰ ਦੀ ਵਾਟ ਵਿੱਚ ਛੇ ਵਾਰ ਇਮਤਿਹਾਨ ਲਿਆ। ਚੇਨ ਨਾਲ ਕਾਲੇ ਹੋਏ ਹੱਥ ਤੇ ਸਾਹੋ ਸਾਹੀ ਹੋਇਆ ਜਦੋਂ ਘਰ ਪੁੱਜਾ ਤਾਂ ਮਾਤਾ ਘਬਰਾ ਗਈ। ਸਾਰੀ ਗੱਲ ਦੱਸ ਕੇ ਫਟਾਫਟ ਆਪਣਾ ਦਸਵੀਂ ਦਾ ਸਰਟੀਫਿਕੇਟ ਕੱਢਿਆ। ਹੁਣ ਬਿਨਾਂ ਸਾਧਨ ਮਿੱਥੇ ਸਮੇਂ ਵਿੱਚ ਸੱਠ ਕਿਲੋਮੀਟਰ ਦੂਰ ਇੰਟਰਵਿਊ ਸਥਾਨ 'ਤੇ ਪਹੁੰਚਣਾ ਮੇਰੇ ਲਈ ਹਿਮਾਲਾ ਪਰਬਤ ਸਰ ਕਰਨ ਦੇ ਬਰਾਬਰ ਸੀ। ਮੈਂ ਦੁਕਾਨਾਂ ਤੱਕ ਪਹੁੰਚ ਕੇ ਕੋਈ ਹੀਲਾ ਕਰਨ ਦੀ ਤਰਕੀਬ ਬਾਰੇ ਸੋਚਣ ਲੱਗਾ। ਸਮਾਂ ਮੁੱਠੀ ਵਿੱਚੋਂ ਰੇਤ ਵਾਂਗ ਕਿਰ ਰਿਹਾ ਸੀ। ਉਨ੍ਹੀਂ ਦਿਨੀਂ ਪਿੰਡ ਵਿੱਚ ਇਕ ਰਾਜਦੂਤ ਮੋਟਰ ਸਾਈਕਲ ਅਤੇ ਦੋ ਸਕੂਟਰ ਸਨ। ਸਕੂਟਰਾਂ ਵਾਲਿਆਂ ਦਾ ਬੜਾ ਟੌਹਰ ਟੱਪਾ ਹੁੰਦਾ ਸੀ। ਤਾਸ਼ ਦੀ ਢਾਣੀ ਵਿੱਚ ਬੈਠੇ ਸਕੂਟਰ ਮਾਲਕ ਨੂੰ ਬੜੀ ਅਧੀਨਗੀ ਨਾਲ ਸਮੇਂ ਦਾ ਵਾਸਤਾ ਪਾ ਕੇ ਮੁੱਖ ਸੜਕ ਤੱਕ ਛੱਡਣ ਦੀ ਅਰਜੋਈ ਕੀਤੀ, ਪਰ ਉਸ ਨੇ ਇਕੋ ਝਟਕੇ ਵਿੱਚ ਕੋਰਾ ਜਵਾਬ ਦੇ ਦਿੱਤਾ। ਮੇਰੀ ਤਾਂ ਖਾਨਿਓ ਗਈ। ਖੁਸ਼ਕਿਸਮਤੀ ਨੂੰ ਦੂਜਾ ਸਕੂਟਰ ਮਾਲਕ ਝੱਟ ਤਿਆਰ ਹੋ ਗਿਆ। ਜ਼ਿਲਾ ਹੈਡਕੁਆਰਟਰ ਨੂੰ ਜਾਂਦੀ ਆਖਰੀ ਬੱਸ ਮਿਲ ਗਈ। ਅਖ਼ਬਾਰ ਪੜ੍ਹਨ ਤੋਂ ਲੈ ਕੇ ਬੱਸ ਦੀ ਸੀਟ ਮੱਲਣ ਤੱਕ ਦੇ ਸਮੇਂ ਦੌਰਾਨ ਮੇਰੀ ਭੂਤਨੀ ਘੁੰਮਦੀ ਰਹੀ। ਬੱਸ ਵਿੱਚ ਬੈਠ ਕੇ ਥੋੜ੍ਹੀ ਚੈਨ ਮਿਲੀ ਸੀ। ਉਸ ਸ਼ਖ਼ਸ ਦਾ ਵੀ ਦਿਲੋਂ ਧੰਨਵਾਦ ਕੀਤਾ ਜਿਸ ਨੇ ਮੇਰੇ ਵਰਗੇ ਬਿਨਾਂ ਸਿਫਾਰਸ਼ ਵਾਲੇ ਨੂੰ ਮੈਰਿਟ ਵਿੱਚ ਖੜ੍ਹਾ ਕਰ ਦਿੱਤਾ ਸੀ।

ਪੰਜ ਵੱਜਣ ਨੂੰ ਅਜੇ ਦਸ ਮਿੰਟ ਰਹਿੰਦੇ ਸਨ ਕਿ ਮੈਂ ਬੱਸ ਅੱਡੇ ਤੋਂ ਇੰਟਰਵਿਊ ਵਾਲੇ ਸਥਾਨ 'ਤੇ ਵਾਹੋਦਾਹੀ ਪਹੁੰਚ ਗਿਆ। ਅੱਗੇ ਇੰਟਰਵਿਊ ਦੀ ਥਾਂ ਨੋਟਿਸ ਬੋਰਡ 'ਤੇ ਨੋਟਿਸ ਚਿਪਕਿਆ ਹੋਇਆ ਸੀ, ਕੁਝ ਕਾਰਨਾਂ ਕਰਕੇ ਇੰਟਰਵਿਊ ਅਣਮਿੱਥੇ ਸਮੇਂ ਲਈ ਮੁਲਤਵੀ ਕੀਤੀ ਜਾਂਦੀ ਹੈ'। ਵਾਪਸੀ ਵਕਤ ਟਰੱਕ ਵਿੱਚ ਧੱਕੇ ਖਾਂਦਿਆਂ ਅਤੇ ਪਿੰਡ ਤੱਕ ਪੈਦਲ ਤੁਰ ਕੇ ਰਾਤ ਗਿਆਰਾਂ ਵਜੇ ਘਰ ਪਹੁੰਚਿਆ। ਸਿੱਖਿਆ ਵਿਭਾਗ ਵਿੱਚ ਮੇਰੀ ਨੌਕਰੀ ਵੀਹ ਸਾਲ ਦੀ ਹੋ ਗਈ ਹੈ, ਪਰ ਅਣਮਿਥੇ ਸਮੇਂ ਲਈ ਮੁਲਤਵੀ ਉਸ ਇੰਟਰਵਿਊ ਦਾ ਸਮਾਂ ਢਾਈ ਦਹਾਕਿਆਂ ਬਾਅਦ ਵੀ ਮਿਥਿਆ ਨਹੀਂ ਗਿਆ।

# ਬਿਨਾਂ ਬੋਲੇ 'ਹਾਂ' ਜਾਂ 'ਨਾਂਹ' ਕਹਿਣ ਦੀ ਕਲਾ

-ਕਰਣ ਥਾਪਰ

'Yes' ਤਿੰਨ ਅੱਖਰਾਂ ਦਾ ਇੱਕ ਆਸਾਨ ਜਿਹਾ ਸ਼ਬਦ ਹੈ, ਜੋ ਅਕਸਰ ਵਰਤਿਆ ਜਾਂਦਾ ਹੈ, ਪਰ ਅਜਿਹਾ ਸਮਾਂ ਵੀ ਆਉਂਦਾ ਹੈ, ਜਦੋਂ ਸ਼ਬਦੀ ਅਰਥ ਗਲੇ ਵਿੱਚ ਅਟਕ ਜਾਂਦਾ ਹੈ। ਤ੍ਰਾਸਦੀ ਇਹ ਹੈ ਕਿ ਅਜਿਹਾ ਮੌਕਾ ਉਦੋਂ ਹੁੰਦਾ ਹੈ, ਜਦੋਂ ਸਾਡੇ 'ਚੋਂ ਜ਼ਿਆਦਾਤਰ ਲੋਕ 'ਹਾਂ' ਬੋਲਣਾ ਚਾਹੁੰਦੇ ਹਨ। ਫਿਰ ਵੀ ਕਈ ਵਾਰ ਉਨ੍ਹਾਂ ਦੇ ਮੂੰਹ 'ਚੋਂ 'ਹਾਂ' ਦੀ ਬਜਾਏ 'ਨਾਂਹ' ਹੀ ਨਿਕਲ ਜਾਂਦੀ ਹੈ।

ਜ਼ਰਾ ਕਲਪਨਾ ਕਰੋ ਕਿ ਛੋਟੇ ਬੱਚਿਆਂ ਨੂੰ ਕਿੰਨੀ ਵਾਰ ਇਹ ਪੁੱਛਿਆ ਜਾਂਦਾ ਹੋਵੇਗਾ ਕਿ ਉਹ ਉਲਟ ਲਿੰਗ ਦੇ ਕਿਸੇ ਮੈਂਬਰ ਨੂੰ ਪਸੰਦ ਕਰਦੇ ਹਨ ਅਤੇ ਉਹ 'ਹਾਂ' ਨਹੀਂ ਕਹਿ ਸਕਦੇ? ਇਸ ਕਿਸਮ ਦੇ ਸ਼ਰਮੀਲੇਪਣ ਕਾਰਨ ਹੋ ਸਕਦਾ ਹੈ ਕਿ ਖੇਡ ਉਨ੍ਹਾਂ ਦੇ ਹੱਥੋਂ ਨਿਕਲ ਜਾਵੇ, ਪਰ ਉਨ੍ਹਾਂ ਦੇ ਬੁੱਲ੍ਹ 'ਹਾਂ' ਨਹੀਂ ਬੋਲ ਪਾਉਂਦੇ ਜਾਂ ਫਿਰ ਉਨ੍ਹਾਂ ਬਾਲਗਾਂ ਦੀ ਕਲਪਨਾ ਕਰੋ, ਜੋ ਗੁੱਸੇ ਵਿੱਚ ਹੁੰਦੇ ਹਨ ਅਤੇ ਜੇ ਉਨ੍ਹਾਂ ਨੂੰ ਪੁੱਛਿਆ ਜਾਵੇ ਕਿ ਕੀ ਉਹ ਦੁਖੀ ਹਨ, ਤਾਂ ਉਹ 'ਹਾਂ' ਨਹੀਂ ਕਹਿ ਪਾਉਂਦੇ। ਬੱਚੇ ਅਕਸਰ ਜ਼ਿਆਦਾ ਸ਼ਰਮੀਲੇਪਣ ਕਾਰਨ ਇਹ ਸ਼ਬਦ ਨਹੀਂ ਬੋਲ ਪਾਉਂਦੇ, ਪਰ ਬਾਲਗ ਅਕਸਰ ਹੰਕਾਰ ਕਾਰਨ ਇਸ ਸ਼ਬਦ ਦਾ ਉਚਾਰਣ ਨਹੀਂ ਕਰਦੇ।

ਜਿਸ ਤਰ੍ਹਾਂ ਅਸੀਂ 'ਤਕੱਲੁਫ' ਬਾਰੇ ਸੰਵੇਦਨਹੀਣ ਰਹਿੰਦੇ ਹਾਂ, ਉਸ ਨਾਲ ਸਾਡੇ ਸੱਭਿਆਚਾਰ ਵਿੱਚ ਵਿਸ਼ੇਸ ਤੌਰ 'ਤੇ ਕਈ ਸਮੱਸਿਆਵਾਂ ਪੈਦਾ ਹੋ ਗਈਆਂ ਹਨ। ਅਕਸਰ ਇਹ ਹੁੰਦਾ ਹੈ ਕਿ ਤੁਸੀਂ ਹਾਂ ਜਾਂ 'ਯੈਸ' ਕਹਿਣਾ ਚਾਹੁੰਦੇ ਹੋ, ਪਰ ਤੁਹਾਨੂੰ ਪਤਾ ਨਹੀਂ ਲੱਗਦਾ ਕਿ ਤੁਹਾਡੇ ਮੂੰਹ 'ਚੋਂ 'ਨਾਂਹ' ਨਿਕਲ ਜਾਂਦੀ ਹੈ। ਬਹੁਤ ਸਾਰੇ ਮੌਕਿਆਂ 'ਤੇ ਮੈਨੂੰ ਪੁੱਛਿਆ ਗਿਆ ਕਿ ਕੀ ਮੈਂ ਖਾਣੇ ਵਿੱਚ ਕੁਝ ਹੋਰ ਲੈਣਾ ਚਾਹਾਂਗਾ? ਹਾਲਾਂਕਿ ਮੇਰੀ ਲਾਲਸਾ ਕੁਝ ਹੋਰ ਖਾਣ ਦੀ ਹੁੰਦੀ ਹੈ, ਪਰ ਮੂਰਖਤਾ ਭਰੇ ਸੰਕੋਚ ਜਾਂ ਭਰਮ ਵਾਲੀ ਸ਼ਾਲੀਨਤਾ ਕਾਰਨ ਮੈਂ 'ਯੈਸ' ਬੋਲ ਜਾਂਦਾ। ਭਾਰਤ ਵਿੱਚ ਸਾਡੀ ਜਾਨ ਇਸ ਲਈ ਬਚ ਜਾਂਦੀ ਹੈ ਕਿ ਸਾਡੇ ਇਥੇ ਆਮ ਤੌਰ 'ਤੇ ਦੋ ਜਾਂ ਤਿੰਨ ਵਾਰ ਬੇਨਤੀ ਕੀਤੀ ਜਾਂਦੀ ਹੈ, ਪਰ ਬ੍ਰਿਟੇਨ ਜਾਂ ਅਮਰੀਕਾ ਵਿੱਚ, ਜਿੱਥੇ ਤੁਹਾਨੂੰ ਇੱਕੋ ਵਾਰ ਪੁੱਛਿਆ ਜਾਂਦਾ ਹੈ, ਉਥੇ ਤੁਸੀਂ ਨਿਸ਼ਚੇ ਹੀ ਮੂਰਖ ਰਹਿ ਜਾਂਦੇ ਹੋ।

ਬੀਤੇ ਐਤਵਾਰ ਮੈਨੂੰ ਇਹ ਪਤਾ ਲੱਗਾ ਕਿ ਅਸਲ ਵਿੱਚ ਉਚਾਰਣ ਕੀਤੇ ਬਿਨਾਂ 'ਯੈਸ' ਕਹਿਣ ਦੇ ਬਹੁਤ ਹੀ ਕਲਾਤਮਕ ਤਰੀਕੇ ਮੌਜੂਦ ਹਨ। ਹਾਰਵਰਡ ਕਲੱਬ ਆਫ ਇੰਡੀਆ ਲਈ ਸੁਪਰੀਮ ਕੋਰਟ ਨੇ ਦੂਜੇ ਸੀਨੀਅਰ ਮੋਸਟ ਜੱਜ ਜਸਟਿਸ ਚੇਲਾਮੇਸ਼ਵਰ ਦੀ ਇੱਕ ਘੰਟਾ ਲੰਮੀ ਇੰਟਰਵਿਊ ਦੌਰਾਨ ਬਿਲਕੁਲ ਅਜਿਹਾ ਹੀ ਹੋਇਆ। ਅਸੀਂ ਨਿਆਂ ਪਾਲਿਕਾ ਨਾਲ ਜੁੜੀਆਂ ਕਈ ਸਮੱਸਿਆਵਾਂ ਤੇ ਵਿਵਾਦਾਂ ਅਤੇ ਸਰਕਾਰ ਦੇ ਨਾਲ ਇਸ ਦੇ ਰਿਸ਼ਤਿਆਂ 'ਤੇ ਗੱਲਬਾਤ ਕਰ ਰਹੇ ਸੀ। ਜੱਜਾਂ ਲਈ ਅਜਿਹੇ ਵਿਸ਼ਿਆਂ 'ਤੇ ਜਨਤਕ ਚਰਚਾ ਕਰਨਾ ਅਟਪਟਾ ਹੁੰਦਾ ਹੈ। ਅਸਲ 'ਚ ਬਹੁਤ ਸਾਰੇ ਲੋਕਾਂ ਦਾ ਤਾਂ ਇਹੀ ਮੰਨਣਾ ਹੈ ਕਿ ਉਨ੍ਹਾਂ ਨੂੰ ਜਨਤਕ ਤੌਰ 'ਤੇ ਅਜਿਹੀਆਂ ਗੱਲਾਂ ਕਰਨੀਆਂ ਹੀ ਨਹੀਂ ਚਾਹੀਦੀਆਂ।

ਜਸਟਿਸ ਚੇਲਾਮੇਸ਼ਵਰ ਅਜਿਹਾ ਕਰਨ 'ਤੇ ਰਾਜ਼ੀ ਹੋ ਗਏ ਤੇ ਇਸ ਲਈ ਉਨ੍ਹਾਂ ਦੇ ਸਾਹਮਣੇ ਇਹ ਸਮੱਸਿਆ ਪੈਦਾ ਹੋ ਗਈ ਕਿ ਪਾਰਦਰਸ਼ਿਤਾ ਅਤੇ ਬੋਲ-ਬਾਣੀ 'ਤੇ ਸੰਕੋਚ ਦੇ ਵਿਚਾਲੇ ਸੰਤੁਲਨ ਕਿਵੇਂ ਬਣਾ ਕੇ ਰੱਖਿਆ ਜਾਵੇ। ਦੂਜੇ ਸ਼ਬਦਾਂ ਵਿੱਚ ਕਹੀਏ ਤਾਂ ਇਸ ਨੂੰ ਬਹੁਤ ਸਾਰੇ ਲੋਕ ਸੱਚ ਮੰਨਦੇ ਹੋਣ, ਉਸ ਨੂੰ ਲੁਕਾਉਂਦੇ ਹੋਏ ਵੀ ਸੱਚਾਈ ਕਿਵੇਂ ਉਗਲਣੀ ਹੈ।

ਜਸਟਿਸ ਚੇਲਾਮੇਸ਼ਰ ਨੇ ਕੁਝ ਅਤਿਅੰਤ ਚਲਾਕੀ ਭਰੇ ਦਾਅ-ਪੇਚ ਅਪਣਾ ਕੇ ਇਹ ਸਮੱਸਿਆ ਹੱਲ ਕੀਤੀ। ਪਹਿਲਾ ਦਾਅ ਸੀ ਪੂਰੇ ਚਿਹਰੇ 'ਤੇ ਫੈਲੀ ਹੋਈ ਮੁਸਕੁਰਾਹਟ, ਜਿਸ ਨਾਲ ਉਨ੍ਹਾਂ ਦੀਆਂ ਅੱਖਾਂ ਵੀ ਜਗਮਗਾ ਉਠਦੀਆਂ ਸਨ ਅਤੇ ਬਿਨਾਂ ਕੋਈ ਸ਼ਬਦ ਬੋਲੇ ਸੰਕੇਤ ਸਾਫ ਹੋ ਜਾਂਦਾ ਸੀ। ਵਿੱਚ-ਵਿੱਚ ਜਦੋਂ ਉਹ ਲੰਮੀ ਚੁੱਪੀ ਧਾਰ ਲੈਂਦੇ ਤਾਂ ਉਨ੍ਹਾਂ ਦਾ ਨੁਕਤਾ ਹਰ ਕਿਸੇ ਦੀ ਸਮਝ 'ਚ ਆ ਜਾਂਦਾ। ਜ਼ਿਆਦਾਤਰ ਸਰੋਤੇ ਸਮਝ ਜਾਂਦੇ ਸਨ ਕਿ ਜਸਟਿਸ ਚੇਲਾਮੇਸ਼ਵਰ ਦੇ ਮਨ ਵਿੱਚ ਕੀ ਹੈ, ਹਾਲਾਂਕਿ ਉਨ੍ਹਾਂ ਨੇ ਮੂੰਹੋਂ ਕੁਝ ਵੀ ਨਹੀਂ ਬੋਲਿਆ ਹੁੰਦਾ ਸੀ।

ਦੂਜਾ ਦਾਅ ਬਿਲਕੁਲ ਨਵੀਂ ਕਿਸਮ ਦਾ ਸੀ। 'ਯੈਸ' ਕਹਿਣ ਦੀ ਬਜਾਏ ਜਸਟਿਸ ਚੇਲਾਮੇਸ਼ਵਰ ਬੱਸ ਥੋੜ੍ਹਾ ਜਿਹਾ ਗੁਣਗੁਣਾਉਂਦੇ। ਜ਼ਿਆਦਾਤਰ ਮੌਕਿਆਂ 'ਤੇ ਇਹ ਨੱਕ 'ਚੋਂ ਨਿਕਲਣ ਵਾਲੀ ਗੁਣਗੁਣਾਹਟ ਅਨਿਸ਼ਚਿਤਤਾ ਜਾਂ ਡੂੰਘੇ ਚਿੰਤਨ ਦਾ ਅਹਿਸਾਸ ਦਿੰਦੀ ਹੈ, ਪਰ ਜਦੋਂ ਜਸਟਿਸ ਚੇਲਾਮੇਸ਼ਵਰ ਇਹ ਦਾਅ-ਪੇਚ ਵਰਤਦੇ ਤਾਂ ਇਹ 'ਯੈਸ' ਦਾ ਹੀ ਬਦਲ ਹੁੰਦਾ ਸੀ। ਸੱਚਾਈ ਇਹ ਹੈ ਕਿ ਖੁਦ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਚਾਉਂਦੇ ਹੋਏ ਮੂੰਹੋਂ ਬਿਨਾਂ ਕੋਈ ਸ਼ਬਦ ਬੋਲੇ 'ਯੈਸ' (ਹਾਂ) ਕਹਿਣ ਦੀ ਕਲਾ ਕੋਈ ਆਸਾਨ ਕੰਮ ਨਹੀਂ। ਇਸ ਕਲਾ ਦੀ ਸਭ ਤੋਂ ਜ਼ਿਆਦਾ ਜ਼ਰੂਰਤ ਸਿਆਸਤਦਾਨਾਂ ਨੂੰ ਹੁੰਦੀ ਹੈ, ਪਰ ਉਹ ਅਕਸਰ ਇਸ ਵਿੱਚ ਸਭ ਤੋਂ ਘੱਟ ਮਾਹਰ ਹੁੰਦੇ ਹਨ। ਤੁਸੀਂ ਜ਼ਰਾ ਉਨ੍ਹਾਂ ਦੀ ਇੰਟਰਵਿਊ ਦੇਖੋ ਤਾਂ ਤੁਹਾਨੂੰ ਸਾਫ ਪਤਾ ਲੱਗ ਜਾਵੇਗਾ ਕਿ ਉਹ ਕਿਸ ਤਰ੍ਹਾਂ ਮੂੰਹੋਂ ਬੋਲੇ ਬਿਨਾਂ 'ਹਾਂ' ਕਹਿਣ ਲਈ ਪ੍ਰੇਸ਼ਾਨ ਹੁੰਦੇ ਹਨ। ਆਮ ਤੌਰ 'ਤੇ ਉਨ੍ਹਾਂ ਦੀ ਜ਼ੁਬਾਨ ਤਿਲਕ ਹੀ ਜਾਂਦੀ ਹੈ ਅਤੇ ਅਕਸਰ ਉਹ ਖੁਦ ਨੂੰ ਪ੍ਰੇਸ਼ਾਨੀ ਵਿੱਚ ਪਾ ਦਿੰਦੇ ਹਨ।

ਇਸ ਦੇ ਉਲਟ ਜਸਟਿਸ ਚੇਲਾਮੇਸ਼ਵਰ ਨਾ ਸਿਰਫ ਇਸ ਕਿਸਮ ਦੇ ਸ਼ਬਦੀ ਜਾਲ ਨੂੰ ਹੈਂਡਲ ਕਰਨ 'ਚ ਮਾਹਿਰ ਸਨ, ਸਗੋਂ ਬਹੁਤ ਮਾਣਮੱਤੇ ਢੰਗ ਨਾਲ ਇਸ ਇੰਟਰਵਿਊ 'ਚੋਂ ਜੇਤੂ ਹੋ ਕੇ ਨਿਕਲੇ। ਦੁੱਖ ਦੀ ਗੱਲ ਹੈ ਕਿ ਮੇਰੇ 'ਚ ਉਨ੍ਹਾਂ ਵਰਗਾ ਆਤਮ-ਸੰਜਮ ਨਹੀਂ। ਮੈਂ ਆਮ ਤੌਰ 'ਤੇ ਜਵਾਬ ਦੇਣ 'ਚ ਬਹੁਤ ਫੁਰਤੀ ਦਿਖਾਉਂਦਾ ਹਾਂ, ਬਾਅਦ 'ਚ ਮੈਨੂੰ ਇਸ ਗੱਲ ਦਾ ਅਫਸੋਸ ਹੀ ਹੁੰਦਾ ਹੈ। ਜਦੋਂ ਤੁਸੀਂ ਸੁਚੇਤ ਰੂਪ ਵਿੱਚ ਦੁੱਖ 'ਤੇ ਸੰਜਮ ਬਣਾਈ ਰੱਖਦੇ ਹੋ, ਸਿਰਫ ਉਦੋਂ ਹੀ ਤੁਹਾਨੂੰ ਮੁਸਕਰਾਉਣ ਜਾਂ ਹੂੰ-ਹਾਂ ਦੀ ਸ਼ੈਲੀ 'ਚ ਗੁਣਗੁਣਾਉਣ ਦਾ ਮੌਕਾ ਮਿਲਦਾ ਹੈ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224

# ਕਹਾਣੀ -ਛਿੰਦੀ ਵਿਆਹੀ ਗਈ-

ਸੁਖਜੀਵਨ ਕੁਲਬੀਰ ਸਿੰਘ

''ਬੇਬੇ ਬਾਪੂ ਕਿੱਥੇ ਏ? ਸਵੇਰ ਦਾ ਦਿਸਿਆ ਈ ਨੀਂ।'' ਛਿੰਦੀ ਨੇ ਪ੍ਰੇਸ਼ਾਨ ਹੋ ਕੇ ਪੁੱਛਿਆ।

''ਧੀਏ ਉਹ ਸਬਜ਼ੀ ਲੈਣ ਗਿਐ ਮੰਡੀ ਤੋਂ, ਨਿੱਕੇ ਤੇ ਕਾਕੇ ਨਾਲ।'' ਮਾਂ ਨੇ ਕੰਮ ਕਰਦੇ ਕਰਦੇ ਬਿਨਾਂ ਧੀ ਵੱਲ ਵੇਖੇ ਜਵਾਬ ਦਿੱਤਾ।

ਧੀ ਨੇ ਉਡੇ ਜਿਹੇ ਮੂੰਹ ਨਾਲ ਕਿਹਾ, ''ਬਰਾਤ ਨੇ ਕਿਹੜੀ ਰੋਟੀ ਖਾਣੀ ਸੀ। ਬਾਪੂ ਨੂੰ ਕੀ ਲੋੜ ਸੀ ਜਾਣ ਦੀ?''

''ਧੀਏ, ਬਰਾਤ ਨੇ ਰੋਟੀ ਨਹੀਂ ਸੀ ਖਾਣੀ, ਪਰ ਆਪਣੇ ਰਿਸ਼ਤੇਦਾਰਾਂ, ਆਂਢ-ਗੁਆਂਢ ਨੇ ਤਾਂ ਖਾਣੀ ਸੀ। ਤੇਰਾ ਬਾਪੂ ਕਹਿੰਦਾ ਮੁੰਡਿਆਂ ਨੂੰ ਐਨਾ ਨੀ ਪਤਾ, ਮੈਂ ਖੁਦ ਚਲਾ ਜਾਂਦਾ ਨਾਲ। ਅਜੇ ਸੁਵੱਖਤੇ ਇਥੇ ਵੀ ਖਾਸ ਕੰਮ ਨਹੀਂ ਸੀ। ਤੂੰ ਏਨੀ ਉਦਾਸ ਤੇ ਪ੍ਰੇਸ਼ਾਨ ਕਿਉਂ ਏਂ?'' ਮਾਂ ਨੇ ਧੀ ਨੂੰ ਬੁੱਕਲ ਵਿੱਚ ਲੈ ਕੇ ਪੁੱਛਿਆ।

''ਬੇਬੇ, ਅਜੇ ਟਿਕੀਉ ਰਾਤ ਸੀ। ਕਿਤੇ ਪਾਠੀ ਵੀ ਨਹੀਂ ਬੋਲਿਆ। ਮੈਂ ਸੁੱਤੀ ਪਈ ਸੀ, ਪਰ ਮੈਨੂੰ ਆਵਾਜ਼ ਆਈ ਕਿਸੇ ਦੇ ਹੁਭਕੀ ਹੁਭਕੀ ਰੋਣ ਦੀ। ਮੇਰੀ ਅੱਖ ਖੁੱਲ੍ਹ ਗਈ। ਵੇਖਿਆ ਤਾਂ ਬਾਪੂ ਮੇਰੇ ਸਿਰਹਾਣੇ ਬੈਠਾ ਰੋਂਦਾ ਪਿਆ ਸੀ। ਜਦ ਮੈਂ ਉਠ ਕੇ ਪੁੱਛਿਆ ਤਾਂ ਟਾਲਾ ਵੱਟ ਗਿਆ। ਕਹਿੰਦਾ ਤੂੰ ਅੱਜ ਸਹੁਰੇ ਘਰ ਚਲੀ ਜਾਣੈ। ਸੋਚ ਕੇ ਨੀਂਦ ਨੀ ਆਉਂਦੀ ਤੇ ਮਨ ਭਰ ਆਇਆ। ਏਨੀ ਕਹਿ ਕੇ ਬਾਪੂ ਆਪਣੇ ਕਮਰੇ ਵਿੱਚ ਚਲਾ ਗਿਆ। ਮੈਂ ਬਹੁਤ ਆਵਾਜ਼ਾਂ ਮਾਰੀਆਂ, ਪਰ ਉਸ ਨੇ ਪਿੱਛੇ ਮੁੜ ਕੇ ਨਾ ਵੇਖਿਆ ਅਤੇ ਬੂਹਾ ਢੋਹ ਲਿਆ। ਮੇਰਾ ਤਾਂ ਅੰਦਰ ਧੁਖਦਾ ਰਿਹਾ ਕਿ ਬਾਪੂ ਏਨਾ ਪ੍ਰੇਸ਼ਾਨ ਕਿਉਂ ਹੈ? ਫਿਰ ਰੋਂਦੀ ਰੋਂਦੀ ਦੀ ਪਤਾ ਨਹੀਂ ਕਦੋਂ ਅੱਖ ਲੱਗ ਗਈ। ਜਦੋਂ ਦੀ ਉਠੀ ਆਂ, ਬਾਪੂ ਨੂੰ ਲੱਭਦੀ ਆਂ, ਪਰ ਮਿਲਿਆ ਈ ਨੀ।'' ਛਿੰਦੀ ਨੇ ਮਾਂ ਦੀ ਚੁੰਨੀ ਨਾਲ ਹੀ ਅੱਖਾਂ ਪੂੰਝਦੇ ਹੋਏ ਕਿਹਾ।

''ਧੀ ਦਾ ਬਾਪ ਹੋਵੇ ਤੇ ਉਪਰੋਂ ਗਰੀਬ ਤੇ ਕਰਜ਼ਦਾਰ ਹੋਵੇ, ਧੀਏ ਉਹਨੇ ਪ੍ਰੇਸ਼ਾਨ ਹੋਣਾ ਹੁੰਦੈ। ਗਰੀਬ ਲਈ ਧੀ ਦਰੋਂ ਉਠਾਲਣੀ ਪਹਾੜ ਪੁੱਟਣ ਵਰਗਾ ਕੰਮ ਹੁੰਦੈ। ਅਮੀਰਾਂ ਦੇ ਘਰ ਲੋਕ ਜੇਬਾਂ ਵਿੱਚ ਸ਼ਗਨ ਤੁੰਨਦੇ ਰਹਿੰਦੇ ਨੇ, ਪਰ ਕਿਸੇ ਗਰੀਬ ਦੀ ਧੀ ਨੂੰ ਪੰਜਾਹ ਰੁਪਏ ਵੀ ਸ਼ਗਨ ਦਿੰਦੇ ਨੇ ਤਾਂ ਸਭ ਨੂੰ ਵਿਖਾ ਵਿਖਾ ਕੇ ਦੇਣਗੇ ਜਿਵੇਂ ਬਹੁਤ ਵੱਡਾ ਅਹਿਸਾਨ ਕਰਦੇ ਹੋਣ।'' ਮਾਂ ਦੀ ਸੋਚ ਪਤਾ ਨਹੀਂ ਕਿੱਥੇ ਕਿੱਥੇ ਜਾਂਦੀ, ਪਰ ਫਿਰ ਧੀ ਦਾ ਖਿਆਲ ਆਇਆ ਅਤੇ ਘੁੱਟ ਕੇ ਜੱਫੀ ਵਿੱਚ ਲੈਂਦਿਆਂ ਬੋਲੀ, ''ਛਿੰਦੀਏ, ਅੱਜ ਤੇਰੇ ਲਈ ਬਹੁਤ ਵੱਡਾ ਦਿਨ ਹੈ। ਅੱਜ ਮੇਰੀ ਧੀ ਨੇ ਵਿਆਹੀ ਜਾਣੈ। ਫਿਰ ਪ੍ਰਾਹੁਣਿਆਂ ਵਾਂਗ ਆਇਆ ਕਰੂ। ਹੁਣ ਤੂੰ ਪ੍ਰੇਸ਼ਾਨ ਨਾ ਹੋ ਤੇ ਜਾ ਕੇ ਨਹਾ ਧੋ ਕੇ ਤਿਆਰ ਹੋ। ਰਿਸ਼ਤੇਦਾਰਾਂ ਨੇ ਆਉਣਾ ਸ਼ੁਰੂ ਕਰ ਦੇਣੈ। ਆਪਣੇ ਦੁੱਖ, ਪ੍ਰੇਸ਼ਾਨੀਆਂ ਸਾਰੇ ਇੱਥੇ ਛੱਡ ਜਾਈਂ ਤੇ ਖੁਸ਼ੀ ਖੁਸ਼ੀ ਆਪਣੇ ਘਰ ਜਾਹ।'' ਮਾਂ ਨੇ ਧੀ ਦੇ ਸਿਰ 'ਤੇ ਹੱਥ ਰੱਖ ਕੇ ਸੌ ਸੌ ਅਸੀਸਾਂ ਦਿੱਤੀਆਂ।

ਪਿੰਡ ਦੇ ਵਿਰਲੇ ਵਿਰਲੇ ਤੀਵੀਆਂ ਬੰਦੇ ਆ ਕੇ ਸ਼ਗਨ ਦੇਣ ਲੱਗ ਪਏ। ਛਿੰਦੀ ਤਿਆਰ ਹੋਣ ਲੱਗੀ ਅਤੇ ਬੇਬੇ ਕੰਮ ਵਿੱਚ ਰੁੱਝ ਗਈ। ਕਾਫੀ ਚਿਰ ਬਾਅਦ ਨਿੱਕੇ ਨੇ ਤਿਆਰ ਹੋਣ ਲਈ ਕੱਪੜੇ ਮੰਗੇ। ਨਿੱਕੇ ਦੀ ਆਵਾਜ਼ ਸੁਣ ਕੇ ਛਿੰਦੀ ਭੱਜੀ ਭੱਜੀ ਆਈ, 'ਨਿੱਕੇ ਬਾਪੂ ਕਿੱਥੇ ਐ?'' ਛੋਟੇ ਵੀਰ ਨੂੰ ਛਿੰਦੀ ਨੇ ਬੜੇ ਪਿਆਰ ਨਾਲ ਪੁੱਛਿਆ।

''ਬਾਪੂ ਤਾਂ ਸਾਡੇ ਨਾਲ ਮੰਡੀ ਗਿਆ ਹੀ ਨਹੀਂ।'' ਨਿੱਕੇ ਨੇ ਬੜੇ ਅਣਭੋਲ ਜਿਹਾ ਜਵਾਬ ਦਿੱਤਾ। ''ਉਹ ਤਾਂ ਖੇਤਾਂ ਕੋਲ ਹੀ ਉੱਤਰ ਗਿਆ ਅਤੇ ਕਹਿੰਦਾ ਤੁਸੀਂ ਆਹ ਪੈਸੇ ਲੈ ਜਾਉ। ਹਲਵਾਈ ਨੇ ਜਿਹੜੀ ਲਿਸਟ ਦਿੱਤੀ ਹੈ ਉਸ ਦੇ ਹਿਸਾਬ ਨਾਲ ਸਬਜ਼ੀ ਲੈ ਆਇਉ। ਜਦੋਂ ਅਸੀਂ ਤੁਰਨ ਲੱਗੇ ਤਾਂ ਬਾਪੂ ਕਹਿੰਦਾ ਨਿੱਕਿਆ ਪੁੱਤਰ ਸਾਰੇ ਕੰਮਕਾਜ ਚੰਗੀ ਤਰ੍ਹਾਂ ਨਿਭਾ ਦਈਂ। ਫਿਰ ਉਹ ਬੜੀ ਕਾਹਲੀ ਕਾਹਲੀ ਮੋਟਰ ਵਾਲੇ ਰਾਹੇ ਪੈ ਗਿਆ।''

ਨਿੱਕੇ ਦੇ ਮੂੰਹੋਂ ਇਹ ਗੱਲ ਸੁਣ ਕੇ ਛਿੰਦੀ ਦੇ ਜਿਵੇਂ ਹੋਸ਼ ਉਡ ਗਏ ਤੇ ਉਹ ਨਿੱਕੇ ਨੂੰ ਜੱਫੀ ਵਿੱਚ ਲੈਂਦਿਆਂ ਬੋਲੀ, ''ਨਿੱਕੇ, ਮੇਰੇ ਵੀਰ, ਮੇਰੇ ਲਾਡੇ, ਤਿਆਰ ਹੋ ਕੇ ਜਾਹ ਪਹਿਲਾਂ ਖੇਤਾਂ ਵਿੱਚੋਂ ਬਾਪੂ ਨੂੰ ਲੈ ਕੇ ਆ। ਮੇਰਾ ਦਿਲ ਡੁਬਿਆ ਜਾਂਦੈ ਤੇ ਨਾਲੇ ਚਾਚੇ ਨੂੰ ਆਪਣੇ ਨਾਲ ਲੈ ਜਾਵੀਂ।''

ਭੈਣ ਦੇ ਚਿਹਰੇ ਤੇ ਹਵਾਈਆਂ ਉਡੀਆਂ ਵੇਖ ਕੇ ਨਿੱਕੇ ਨੇ ਬਗੈਰ ਕੋਈ ਜਵਾਬ ਦਿੱਤੇ ਪਰਨਾ ਸਿਰ ਤੇ ਲਪੇਟਿਆ ਅਤੇ ਨਾਲ ਚਾਚੇ ਦੇ ਘਰ ਵੱਲ ਤੁਰ ਪਿਆ। ਛਿੰਦੀ ਨੂੰ ਤਾਂ ਸਭ ਵਿਆਹ ਭੁਲਿਆ ਪਿਆ ਸੀ। ਬਾਪੂ ਦੇ ਫਿਕਰ ਵਿੱਚ ਧੁਖਣੀ ਪਾਥੀ ਵਾਂਗ ਉਹ ਧੁਖ ਰਹੀ ਸੀ।

ਥੋੜ੍ਹੀ ਦੇਰ ਬਾਅਦ ਚਾਚੇ ਦਾ ਪੁੱਤਰ ਕਾਕਾ ਘਰ ਆਇਆ ਅਤੇ ਬੋਲਿਆ, ''ਤਾਈ, ਤਾਏ ਦੇ ਕੱਪੜੇ ਅਤੇ ਪੱਗ ਦੇ ਦਿਓ। ਤਾਇਆ ਸਾਡੇ ਘਰ ਈ ਏ। ਨਹਾ ਰਿਹੈ। ਕਹਿੰਦਾ ਮੈਂ ਇਥੇ ਹੀ ਤਿਆਰ ਹੋ ਕੇ ਆ ਜਾਂਦਾਂ।'' ਕਾਕੇ ਦੀ ਗੱਲ ਸੁਣ ਕੇ ਦੋਵਾਂ ਮਾਵਾਂ-ਧੀਆਂ ਦੇ ਸਾਹ ਵਿੱਚ ਸਾਹ ਆਇਆ। ਦੋਵਾਂ ਨੇ ਗੁਰੂ ਦਾ ਸੌ ਸੌ ਵਾਰ ਸ਼ੁਕਰ ਕੀਤਾ। ਛਿੰਦੇ ਨੇ ਕਾਕੇ ਨੂੰ ਕੱਪੜੇ ਫੜਾਉਂਦਿਆਂ ਕਿਹਾ, ''ਕਾਕੇ, ਬਾਪੂ ਨੂੰ ਕਹੀਂ ਛੇਤੀ ਘਰ ਆ ਜਾਵੇ। ਛਿੰਦੀ ਉਡੀਕਦੀ ਪਈ ਏ।''

ਥੋੜ੍ਹੀ ਦੇਰ ਬਾਅਦ ਬਰਾਤ ਆ ਗਈ। ਸਾਰੇ ਬਰਾਤ ਦੇ ਸਵਾਗਤ ਨੂੰ ਚਲੇ ਗਏ। ਬੜੀ ਛੇਤੀ ਚਾਹ ਪੀਣ ਤੋਂ ਬਾਅਦ ਲਾਵਾਂ ਲਈ ਗੁਰਦੁਆਰਾ ਸਾਹਿਬ ਪਾਠ ਸ਼ੁਰੂ ਹੋ ਗਿਆ। ਬੜੇ ਥੋੜ੍ਹੇ ਜਿਹੇ ਰਿਸ਼ਤੇਦਾਰਾਂ ਦੇ ਪਿੰਡ ਦੇ ਬੰਦੇ, ਤੀਵੀਆਂ ਦੀ ਹਾਜ਼ਰੀ ਵਿੱਚ ਲਾਵਾਂ ਹੋਈਆਂ ਤੇ ਛਿੰਦੀ ਪਰਾਈ ਹੋ ਗਈ। ਘਰ ਆ ਕੇ ਵੀ ਛਿੰਦੀ ਬਾਪੂ ਨੂੰ ਹੀ ਲੱਭਦੀ, ਪੁੱਛਦੀ ਰਹੀ, ਪਰ ਛੇਤੀ ਹੀ ਉਸ ਦੀ ਵਿਦਾਈ ਵੀ ਹੋ ਗਈ।

ਸਹੁਰੇ ਘਰ ਵੀ ਉਸ ਨੂੰ ਸਭ ਕੁਝ ਫਿੱਕਾ ਫਿੱਕਾ ਲੱਗਿਆ। ਫਿਰ ਸੋਚਦੀ, ''ਸ਼ਾਇਦ ਪ੍ਰੇਸ਼ਾਨੀ ਮੈਂ ਨਾਲ ਲੈ ਆਈ ਹਾਂ।'' ਥੋੜ੍ਹੀ ਦੇਰ ਬਾਅਦ ਉਸ ਦੀ ਸੱਸ ਨੇ ਛਿੰਦੀ ਨੂੰ ਕਿਹਾ, ''ਧੀਏ ਆਹ ਸੂਟ ਖੋਲ੍ਹ ਦੇ। ਆਹ ਹਲਕਾ ਜਿਹਾ ਸੂਟ ਪਾ ਲੈ। ਅਸੀਂ ਕਿਤੇ ਮੱਥਾ ਟੇਕਣ ਜਾਣੈ।''

ਛਿੰਦੀ ਨੇ ਹਾਂ ਵਿੱਚ ਸਿਰ ਹਿਲਾਇਆ ਅਤੇ ਤਿਆਰ ਹੋਣ ਲੱਗੀ। ਗੱਡੀ ਵਿੱਚ ਸੱਸ, ਸਹੁਰਾ ਅਤੇ ਸਿਰ ਦਾ ਸਾਈਂ ਨਾਲ ਸੀ। ਪਹਿਲਾਂ ਛਿੰਦੀ ਨੇ ਸਿਰ ਚੁੱਕ ਕੇ ਆਲਾ-ਦੁਆਲਾ ਵੇਖਿਆ ਹੀ ਨਾ, ਪਰ ਫਿਰ ਧਿਆਨ ਕੀਤਾ ਕਿ ਗੱਡੀ ਤਾਂ ਉਸ ਦੇ ਆਪਣੇ ਪਿੰਡ ਵੱਲ ਜਾ ਰਹੀ ਹੈ, ਪਰ ਪੁੱਛਣ ਦੀ ਹਿੰਮਤ ਨਾ ਹੋਈ।

ਛਿੰਦੀ ਦੇ ਘਰ ਤੋਂ ਥੋੜ੍ਹੀ ਪਿੱਛੇ ਉਸ ਦੀ ਸੱਸ ਨੇ ਗੱਡੀ ਰੁਕਵਾਈ ਅਤੇ ਛਿੰਦੀ ਨੂੰ ਬੜੇ ਪਿਆਰ ਨਾਲ ਜੱਫੀ ਵਿੱਚ ਲੈਂਦਿਆਂ ਅੱਖ ਭਰ ਕੇ ਬੋਲੀ, ''ਪੁੱਤਰ ਹੌਂਸਲਾ ਰੱਖੀਂ। ਸਬਰ ਨਾਲ ਸੁਣੀ ਜੋ ਮੈਂ ਕਹਿਣ ਲੱਗੀ ਹਾਂ। ਤੇਰਾ ਬਾਪੂ ਨਹੀਂ ਰਿਹਾ।'' ਇਹ ਆਖਰੀ ਬੋਲ ਸੁਣ ਕੇ ਛਿੰਦੀ ਜਿਵੇਂ ਪੱਥਰ ਬਣ ਗਈ। ਉਸ ਦੇ ਸਹੁਰੇ ਨੇ ਸਿਰ 'ਤੇ ਬੜੇ ਪਿਆਰ ਨਾਲ ਹੱਥ ਧਰਿਆ। ਘਰ ਵਾਲੇ ਨੇ ਬੜੇ ਪਿਆਰ ਨਾਲ ਉਸ ਦਾ ਹੱਥ ਫੜ ਕੇ ਆਪਣੇ ਹੱਥ ਵਿੱਚ ਘੁੱਟਿਆ, ਪਰ ਛਿੰਦੀ ਨੂੰ ਕਿਸੇ ਗੱਲ ਦਾ ਕੋਈ ਅਹਿਸਾਸ ਨਾ ਹੋਇਆ।

ਘਰ ਪਹੁੰਚੀ ਤਾਂ ਵੇਖਿਆ, ਜਿੱਥੇ ਕੁਝ ਘੰਟੇ ਪਹਿਲਾਂ ਵਿਆਹ ਦਾ ਮਾਹੌਲ ਸੀ, ਉਥੇ ਸੱਥਰ ਵਿਛਿਆ ਸੀ। ਬੇਬੇ ਤੇ ਛੋਟਾ ਵੀਰ ਉਚੀ ਉਚੀ ਧਾਹਾਂ ਅਤੇ ਚੀਕਾਂ ਮਾਰ ਰਹੇ ਸਨ। ਛਿੰਦੀ ਦੇ ਅੰਦਰੋਂ ਨਾ ਧਾਹ ਨਿਕਲੀ ਅਤੇ ਨਾ ਅੱਖ ਵਿੱਚੋਂ ਕੋਈ ਹੰਝੂ। ਪੱਥਰ ਬਣੀ ਆਲਾ ਦੁਆਲਾ ਵੇਖਦੀ ਰਹੀ। ਮਾਂ ਨੇ, ਭਰਾ ਨੇ ਜੱਫੀਆਂ ਪਾਈਆਂ, ਪਰ ਉਹ ਬੁੱਤ ਬਣੀ ਬੈਠੀ ਰਹੀ।

ਫਿਰ ਚਾਚਾ ਛਿੰਦੀ ਨੂੰ ਜੱਫੀ ਵਿੱਚ ਲੈਂਦਿਆਂ ਬੋਲਿਆ, ''ਪੁੱਤਰ ਉਹ ਸਵੇਰੇ ਜਦੋਂ ਖੇਤਾਂ 'ਚ ਗਿਆ ਤਾਂ ਉਥੇ ਹੀ ਦਵਾਈ ਪੀ ਲਈ। ਜਦੋਂ ਅਸੀਂ ਲੱਭਣ ਗਏ ਤਾਂ ਉਲਟੀਆਂ ਪਿਆ ਕਰਦਾ ਸੀ। ਮੈਂ ਪੁੱਛਿਆ ਵੀਰਾ, ਇਹ ਕੀ ਕਾਰਾ ਕੀਤਾ, ਤਾਂ ਬੋਲਿਆ, ''ਮੈਂ ਕੀ ਕਰਦਾ ਛੋਟਿਆ। ਸ਼ਾਹੂਕਾਰ ਧਮਕੀਆਂ ਦਿੰਦਾ ਸੀ ਕਿ ਧੀ ਵਿਆਹੁਣ ਲੱਗੈਂ, ਮੇਰੇ ਪੈਸੇ ਨੀ ਮੋੜ ਹੁੰਦੇ? ਮੈਂ ਵੀ ਵੇਖਦਾਂ, ਕਿੱਦਾਂ ਤੇਰੀ ਧੀ ਦੀ ਡੋਲੀ ਉਠਦੀ ਏ। ਵਿਚੇ ਪੁਆੜਾ ਪਾਊਂ। ਮੈਂ ਬਹੁਤ ਮਿੰਨਤਾਂ ਕੀਤੀਆਂ ਕਿ ਧੀਆਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ, ਪਰ ਉਹ ਨਾ ਮੰਨਿਆ। ਕਹਿੰਦਾ ਜੇ ਤੂੰ ਮੇਰੇ ਪੈਸੇ ਨੀ ਦਿੰਦਾ ਤਾਂ ਮੈਂ ਤੇਰੀ ਧੀ ਵਿਆਹੁਣ ਨੀਂ ਦੇਣੀ। ਛੋਟਿਆ, ਮੈਂ ਡਰ ਗਿਆ ਸੀ।''

ਚਾਚੇ ਨੇ ਉਚੀ ਜਿਹੀ ਧਾਰ ਮਾਰ ਕੇ ਕਿਹਾ, ''ਫਿਰ ਮੇਰਾ ਵੀਰ ਬੇਹੋਸ਼ ਹੋ ਗਿਆ। ਘਰੋਂ ਜਦੋਂ ਕੱਪੜੇ ਮੰਗਵਾਏ ਸੀ, ਅਸੀਂ ਉਦੋਂ ਉਸ ਨੂੰ ਹਸਪਤਾਲ ਲੈ ਕੇ ਗਏ ਸੀ। ਘਰ ਆ ਕੇ ਕਿਸੇ ਨੂੰ ਕੁਝ ਨਾ ਦੱਸਿਆ ਕਿ ਕਾਰਜ ਸਿਰੇ ਚੜ੍ਹ ਜਾਏ। ਡਾਕਟਰ ਵੇਖ ਰਹੇ ਸੀ। ਤੇਰੇ ਮਾਮੇ ਨੂੰ ਉਥੇ ਛੱਡ ਕੇ ਘਰ ਆ ਗਏ ਤੇ ਜਦੋਂ ਡੋਲੀ ਤੋਰ ਕੇ ਵਾਪਸ ਹਸਪਤਾਲ ਪਹੁੰਚੇ ਤਾਂ ਵੀਰਾ ਆਖਰੀ ਸਾਹਾਂ 'ਤੇ ਸੀ। ਮੈਂ ਹੱਥ ਫੜ ਕੇ ਕੋਲ ਬਹਿ ਗਿਆ ਤਾਂ ਆਖਰੀ ਇੱਕੋ ਗੱਲ ਪੁੱਛੀ 'ਛਿੰਦੀ ਵਿਆਹੀ ਗਈ?'

ਚਾਚੇ ਦੇ ਮੂੰਹੋਂ ਨਿਕਲੀ ਇਹ ਆਖਰੀ ਗੱਲ ਸੁਣ ਕੇ ਛਿੰਦੀ ਨੇ ਐਦਾਂ ਧਾਹਾਂ ਮਾਰੀਆਂ ਕਿ ਧਰਤੀ ਤੇ ਅੰਬਰ ਵੀ ਰੋਣ ਲਾ ਦਿੱਤੇ ਅਤੇ ਰੱਬ ਨੂੰ ਮਿਹਣੇ ਮਾਰਦੀ ਬੇਹੋਸ਼ ਹੋ ਗਈ, ''ਓ ਰੱਬਾ, ਗਰੀਬਾਂ ਦੀਆਂ ਧੀਆਂ ਐਦਾਂ ਵਿਆਹੀਦੀਆਂ ਨੇ?''

# ਪੁਲਵਾਮਾ ਅੱਤਵਾਦੀ ਹਮਲੇ ਤੋਂ ਬਾਅਦ ਬਦਲ ਗਏ ਚੋਣ ਮੁੱਦੇ

-ਕਲਿਆਣੀ ਸ਼ੰਕਰ-

ਪੁਲਵਾਮਾ 'ਚ 14 ਫਰਵਰੀ ਨੂੰ ਹੋਏ ਅੱਤਵਾਦੀ ਹਮਲੇ ਅਤੇ ਉਸ ਤੋਂ ਬਾਅਦ ਭਾਰਤ ਦੀ ਬਦਲੇ ਦੀ ਕਾਰਵਾਈ ਤੋਂ ਬਾਅਦ ਰਾਤੋ-ਰਾਤ ਚੋਣ ਮੁੱਦੇ ਬਦਲ ਗਏ ਅਤੇ ਅੱਜ ਇਹ ਸਾਫ ਹੈ ਕਿ ਰਾਫੇਲ ਘਪਲਾ, ਨੌਕਰੀਆਂ, ਪੇਂਡੂ ਸੰਕਟ ਵਰਗੇ ਪਹਿਲਾਂ ਵਾਲੇ ਮੁੱਦੇ ਅੱਤਵਾਦੀ ਕਥਾਨਕ ਦੇ ਪਿਛੋਕੜ ਵਿੱਚ ਚਲੇ ਗਏ ਹਨ, ਜੋ ਮੌਜੂਦਾ ਸਮੇਂ 'ਚ ਸੱਤਾਧਾਰੀ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਾਭ ਪਹੁੰਚਾ ਰਿਹਾ ਹੈ।

ਜੰਗ ਵਰਗੀ ਸਥਿਤੀ ਨਾਲ ਨਜਿੱਠਣ ਲਈ ਆਮ ਤੌਰ 'ਤੇ ਸੱਤਾਧਾਰੀ ਪਾਰਟੀ ਨੂੰ ਲਾਭ ਪਹੁੰਚਦਾ ਹੈ, ਕਿਉਂਕਿ ਦੇਸ਼ ਵਿੱਚ ਗੁੱਸੇ ਦਾ ਮਾਹੌਲ ਹੁੰਦਾ ਹੈ। ਉਨ੍ਹਾਂ ਨੂੰ ਮਜ਼ਬੂਤ ਨੀਤੀ ਦੀ ਲੋੜ ਹੁੰਦੀ ਹੈ। ਅਜਿਹਾ 1971 ਵਿੱਚ ਬੰਗਲਾ ਦੇਸ਼ ਦੀ ਜੰਗ 'ਚ ਹੋਇਆ ਸੀ, ਜਦੋਂ ਇੰਦਰਾ ਗਾਂਧੀ ਨੂੰ ਹਰ ਪਾਸਿਓਂ ਸ਼ਲਾਘਾ ਮਿਲੀ ਸੀ। ਵਿਦਰੋਹ ਦੀ ਯੋਜਨਾ ਬਣਾਉਣ ਲਈ ਅਪ੍ਰੈਲ ਤੋਂ ਦਸੰਬਰ 1971 ਦਾ ਸਮਾਂ ਲੱਗਾ। ਇਸ ਨੂੰ ਇੰਨਾ ਗੁਪਤ ਰੱਖਿਆ ਗਿਆ ਕਿ ਜਦੋਂ ਜੁਲਾਈ 1971 'ਚ ਉਹ ਇੰਦਰਾ ਗਾਂਧੀ ਨੂੰ ਅਮਰੀਕਾ ਦੇ ਵਿਦੇਸ਼ ਮੰਤਰੀ ਕਸਿੰਜਰ ਨੂੰ ਮਿਲੇ ਤਾਂ ਇਸ ਦੀ ਭਣਕ ਉਨ੍ਹਾਂ ਨੂੰ ਵੀ ਨਹੀਂ ਲੱਗੀ ਸੀ। ਅਮਰੀਕੀ ਰਾਸ਼ਟਰਪਤੀ ਨਿਕਸਨ ਇੰਨੇ ਪ੍ਰੇਸ਼ਾਨ ਸਨ ਕਿ ਉਨ੍ਹਾਂ ਨੇ ਇੰਦਰਾ ਗਾਂਧੀ ਨੂੰ 'ਡਾਇਣ' ਅਤੇ 'ਕੁੱਤੀ' ਤੱਕ ਕਹਿ ਦਿੱਤਾ ਸੀ।

ਅਟਲ ਬਿਹਾਰੀ ਵਾਜਪਾਈ ਨੂੰ ਵੀ ਕਾਰਗਿਲ ਜੰਗ ਦੌਰਾਨ ਸਾਰੇ ਦੇਸ਼ ਤੋਂ ਸਮਰਥਨ ਮਿਲਿਆ ਤੇ ਉਨ੍ਹਾਂ ਦੀ ਪਾਰਟੀ ਭਾਜਪਾ ਨੇ 1999 ਵਿੱਚ ਲੋਕ ਸਭਾ ਚੋਣਾਂ ਜਿੱਤੀਆਂ ਸਨ, ਪਰ ਉਹ ਸੀਟਾਂ ਦੀ ਗਿਣਤੀ ਨਹੀਂ ਵਧਾ ਸਕੇ ਸਨ। ਭਾਜਪਾ ਨੇ ਕਾਰਗਿਲ ਜੰਗ 'ਚ ਜਿੱਤ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ, ਪਰ ਇਹ ਸਭ ਨੂੰ ਪਤਾ ਹੈ ਕਿ ਜੰਗ ਦਾ ਖਾਤਮਾ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਦੇ ਦਖਲ ਨਾਲ ਹੋਇਆ ਸੀ, ਜੋ ਐਟਮੀ ਸ਼ਕਤੀਆਂ ਦੀ ਮੁਕੰਮਲ ਜੰਗ ਟਾਲਣਾ ਚਾਹੁੰਦੇ ਸਨ।

ਅੱਜ ਕੱਲ੍ਹ ਜਿੱਤ ਦਾ ਦਾਅਵਾ ਕਰਨ ਲਈ ਵਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹੈ, ਭਾਵੇਂ ਇਹ ਸਾਫ ਹੈ ਕਿ ਦੋਵਾਂ ਦੇਸ਼ਾਂ ਨੇ ਜੰਗ ਨੂੰ ਰੋਕਣਾ ਚਾਹੁੰਦੀਆਂ ਅਮਰੀਕਾ ਅਤੇ ਹੋਰ ਕੌਮਾਂਤਰੀ ਸ਼ਕਤੀਆਂ ਦੇ ਦਬਾਅ ਹੇਠ ਪਿੱਛੇ ਹਟਣ ਦਾ ਫੈਸਲਾ ਕੀਤਾ ਹੈ। ਭਾਜਪਾ ਦਾ ਕਹਿਣਾ ਹੈ ਕਿ ਬਾਲਾਕੋਟ ਹਵਾਈ ਹਮਲੇ ਨਾਲ ਮੋਦੀ ਦੀ ਵਾਪਸੀ ਦੇ ਮੌਕੇ ਵੱਧ ਬਿਹਤਰ ਹੋਏ ਹਨ, ਕਿਉਂਕਿ ਉਹ ਦੇਸ਼ ਨੂੰ ਪ੍ਰਭਾਵਸ਼ਾਲੀ ਸੰਕੇਤ ਭੇਜਣ 'ਚ ਸਫਲ ਹੋਏ ਹਨ ਕਿ ਉਹ ਇੱਕ ਮਜ਼ਬੂਤ ਨੇਤਾ ਹਨ।

ਪੁਲਵਾਮਾ ਤੋਂ ਪਹਿਲਾਂ ਮੋਦੀ ਸਿਆਸੀ ਤੌਰ 'ਤੇ ਅਸੁਰੱਖਿਅਤ ਸਥਿਤੀ ਵਿੱਚ ਸਨ। ਵਿਸ਼ੇਸ਼ ਤੌਰ 'ਤੇ ਦਸੰਬਰ ਵਿੱਚ ਹਿੰਦੀ-ਪੱਟੀ ਦੇ ਤਿੰਨ ਮਹੱਤਵ ਪੂਰਨ ਰਾਜਾਂ ਰਾਜਸਥਾਨ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਵਿੱਚ ਹਾਰ ਪਿੱਛੋਂ ਨੌਕਰੀਆਂ ਅਤੇ ਖੇਤੀ ਸੰਕਟ ਬਾਰੇ ਕੀਤੇ ਗਏ ਵੱਡੇ ਵੱਡੇ ਵਾਅਦਿਆਂ ਨੂੰ ਪੂਰਾ ਨਾ ਕਰਨ ਕਾਰਨ ਲੋਕਾਂ ਦਾ ਹੌਲੀ ਹੌਲੀ ਮੋਦੀ ਸਰਕਾਰ ਤੋਂ ਮੋਹ ਭੰਗ ਹੋ ਰਿਹਾ ਸੀ। ਉਨ੍ਹਾਂ ਨੂੰ ਲੋੜ ਸੀ ਸੱਤਾ ਵਿਰੋਧੀ ਲਹਿਰ ਨਾਲ ਨਜਿੱਠਣ ਦੀ। ਪੁਲਵਾਮਾ ਤੋਂ ਬਾਅਦ ਸਭ ਬਦਲ ਗਿਆ। ਪਹਿਲਾਂ ਭਾਜਪਾ ਅਯੁੱਧਿਆ 'ਚ ਰਾਮ ਮੰਦਰ ਉਸਾਰੀ ਨੂੰ ਮੁੱਖ ਚੋਣ ਮੁੱਦਾ ਬਣਾਉਣ ਬਾਰੇ ਸੋਚ ਰਹੀ ਸੀ। ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐੱਸ ਐੱਸ) ਵੋਟਰਾਂ ਨੂੰ ਲੁਭਾਉਣ ਲਈ 'ਮੰਦਰ ਅਤੇ ਗਊ' ਦੀ ਚਰਚਾ ਚਾਹੁੰਦਾ ਸੀ, ਉਸ ਨੇ ਵੀ ਆਪਣਾ ਧਿਆਨ ਅੱਤਵਾਦ ਨੂੰ ਪਹਿਲ ਦੇਣ ਵੱਲ ਕਰ ਲਿਆ ਹੈ। 22 ਫਰਵਰੀ ਨੂੰ ਸੰਘ ਵੱਲੋਂ ਇੱਕ ਅੰਦਰੂਨੀ ਬੈਠਕ ਵਿੱਚ ਅੱਤਵਾਦ ਨਾਲ ਨਜਿੱਠਣ ਲਈ ਇੱਕ ਸਥਿਰ ਸਰਕਾਰ ਦੀ ਲੋੜ 'ਤੇ ਧਿਆਨ ਕੇਂਦਰਿਤ ਕਰਨ ਲਈ ਪ੍ਰਚਾਰ ਮੁਹਿੰਮ ਨੂੰ ਨਵਾਂ ਰੂਪ ਦਿੱਤਾ ਹੈ।



ਦੂਜਾ, ਇਸ ਹਮਲੇ ਤੋਂ ਬਾਅਦ ਭਾਜਪਾ ਰਾਸ਼ਟਰਵਾਦ ਨੂੰ ਭੜਕਾਉਣ ਤੇ ਪਾਕਿ-ਸਤਾਨ ਵਿਰੁੱਧ ਦੇਸ਼ ਵਿੱਚ ਗੁੱਸੇ ਦੀ ਵਰਤੋਂ ਕਰਨ ਦਾ ਯਤਨ ਕਰ ਰਹੀ ਹੈ। ਬਾਲਾਕੋਟ ਹਵਾਈ ਹਮਲਿਆਂ ਨਾਲ ਮੋਦੀ ਨੇ ਚੋਣਾਂ ਦੀ ਆਪਣੀ ਸਿਆਸੀ ਸਕ੍ਰਿਪਟ ਪੱਕੀ ਕਰ ਲਈ ਹੈ। ਉਨ੍ਹਾਂ ਨੇ 2002 ਵਿੱਚ ਗੁਜਰਾਤ 'ਚ ਆਪਣੀ ਪ੍ਰਚਾਰ ਮੁਹਿੰਮ 'ਚ ਵੀ ਵੋਟਰਾਂ ਦਾ ਸਫਲਤਾ ਪੂਰਵਕ ਧਰੁਵੀਕਰਨ ਕਰਨ ਲਈ 'ਮੀਆਂ ਮੁਸ਼ੱਰਫ' ਦੇ ਸ਼ਬਦਾਂ ਦੀ ਵਰਤੋਂ ਕੀਤੀ ਸੀ। ਪਾਰਟੀ ਸ਼ਕਤੀਸ਼ਾਲੀ ਪ੍ਰਧਾਨ ਮੰਤਰੀ ਦੀਆਂ ਪ੍ਰਾਪਤੀਆਂ ਅਤੇ ਉਨ੍ਹਾਂ ਦੀਆਂ ਮਜ਼ਬੂਤ ਨੀਤੀਆਂ ਦਾ ਪ੍ਰਚਾਰ ਕਰ ਰਹੀ ਹੈ।

ਤੀਜਾ, ਭਾਵੇਂ ਕਾਂਗਰਸ ਸਮੇਤ ਆਪੋਜ਼ੀਸ਼ਨ ਨੇ ਪੁਲਵਾਮਾ ਹਮਲੇ ਤੋਂ ਤੁਰੰਤ ਬਾਅਦ ਸਰਕਾਰ ਦਾ ਸਮਰਥਨ ਕੀਤਾ ਸੀ, ਕੁਝ ਹੀ ਦਿਨਾਂ ਵਿੱਚ ਉਨ੍ਹਾਂ ਨੇ ਮੋਦੀ ਦੀ ਆਲੋਚਨਾ ਸ਼ੁਰੂ ਕਰ ਦਿੱਤੀ। ਚੋਣਾਂ ਲਈ ਪੁਲਵਾਮਾ ਮੁੱਦੇ ਦਾ ਸਿਆਸੀਕਰਨ ਕਰਨ ਲਈ ਭਾਜਪਾ ਅਤੇ ਆਪੋਜ਼ੀਸ਼ਨ ਵਿਚਾਲੇ ਇੱਕ ਦੂਜੇ 'ਤੇ ਦੋਸ਼ ਲਾਉਣ ਦੀ ਲੋੜ ਲੱਗੀ ਹੋਈ ਹੈ। ਪਿਛਲੇ ਹਫਤੇ ਇੱਕ ਬੈਠਕ ਤੋਂ ਬਾਅਦ 21 ਵਿਰੋਧੀ ਪਾਰਟੀਆਂ ਨੇ ਇੱਕ ਬਿਆਨ ਜਾਰੀ ਕੀਤਾ ਕਿ 'ਰਾਸ਼ਟਰੀ ਸੁਰੱਖਿਆ ਨੂੰ ਸੌੜੀਆਂ ਸਿਆਸੀ ਚਿੰਤਾਵਾਂ ਤੋਂ ਅੱਗੇ ਰੱਖਣਾ ਹੋਵੇਗਾ।'

ਭਾਜਪਾ ਦੇ ਸੁਰੱਖਿਆ ਪ੍ਰਚਾਰ ਨੇ ਆਪੋਜ਼ੀਸ਼ਨ ਦੀ ਵਿਕਟ ਉਖਾੜ ਦਿੱਤੀ ਹੈ ਅਤੇ ਇਸ ਦਾ ਸਾਹਮਣਾ ਕਰਨ ਲਈ ਇਸ ਨੇ ਆਪਣੀ ਸਕ੍ਰਿਪਟ ਲਿਖਣ ਦੀ ਯੋਜਨਾ ਬਣਾ ਲਈ ਹੈ। ਕਾਂਗਰਸੀ ਆਗੂਆਂ ਦਾ ਦਾਅਵਾ ਹੈ ਕਿ ਆਪੋਜ਼ੀਸ਼ਨ ਕੋਲ ਦਾਗਣ ਲਈ ਜ਼ਿਆਦਾ ਅਸਲਾ ਹੈ, ਜਿਸ 'ਚੋਂ ਜ਼ਿਆਦਾਤਰ ਖੁਦ ਭਾਜਪਾ ਨੇ ਦਿੱਤਾ ਹੈ। ਪਹਿਲਾ ਕਦਮ ਹਵਾਈ ਹਮਲੇ ਦੇ ਦਾਅਵਿਆਂ ਬਾਰੇ ਸ਼ੱਕ ਉੱਠਣਾ ਹੈ। ਕਾਂਗਰਸ ਦਾ ਕਥਾਨਕ ਮੋਦੀ ਦੇ ਦਾਅਵਿਆਂ ਨੂੰ ਟੁਕੜੇ-ਟੁਕੜੇ ਕਰਨਾ ਅਤੇ ਸੁਰੱਖਿਆ ਏਜੰਸੀਆਂ ਦੀ ਅਸਫਲਤਾ 'ਤੇ ਸਵਾਲ ਉਠਾਉਣਾ ਹੈ, ਜਿਵੇਂ ਜੰਮੂ-ਕਸ਼ਮੀਰ ਦੇ ਗਵਰਨਰ ਸੱਤਪਾਲ ਮਲਿਕ ਨੇ ਮੰਨਿਆ ਹੈ। ਮੋਦੀ ਦੀ ਸੁਰੱਖਿਆ ਰਣਨੀਤੀ ਬਾਰੇ ਪਹਿਲਾਂ ਹੀ ਕਈ ਆਵਾਜ਼ਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਪੁਲਵਾਮਾ ਅੱਤਵਾਦੀ ਹਮਲੇ ਦੇ ਸਮੇਂ ਬਾਰੇ ਜੋੜ ਕੇ ਪੁੱਛਿਆ ਕਿ ਜਦੋਂ ਲੋਕ ਸਭਾ ਚੋਣਾਂ ਸਿਰ 'ਤੇ ਹਨ, ਕੀ ਸਰਕਾਰ ਜੰਗ ਕਰਨਾ ਚਾਹੁੰਦੀ ਹੈ। ਹੋਰ ਵਿਰੋਧੀ ਨੇਤਾ ਵੀ ਇਸ ਰਾਗ 'ਚ ਸ਼ਾਮਲ ਹੋ ਗਏ ਹਨ। ਆਪੋਜ਼ੀਸ਼ਨ ਦਾ ਕਹਿਣਾ ਹੈ ਕਿ ਮੋਦੀ ਲਈ ਅਗਲੇ ਦੋ ਮਹੀਨਿਆਂ ਲਈ ਬਣਨ ਵਾਲੇ ਇਸ ਰੋਹ ਅੱਗੇ ਟਿਕ ਸਕਣਾ ਮੁਸ਼ਕਲ ਹੋਵੇਗਾ ਅਤੇ ਆਪੋਜ਼ੀਸ਼ਨ ਕੋਲ ਉਨ੍ਹਾਂ 'ਤੇ ਹਮਲਾ ਕਰਨ ਲਈ ਢੁੱਕਵਾਂ ਸਮਾਂ ਹੋਵੇਗਾ। ਇਸ ਲਈ ਰਾਫੇਲ ਵਰਗੇ ਹੋਰ ਮੁੱਦੇ ਕਦੇ ਨਾ ਕਦੇ ਸਾਹਮਣੇ ਆ ਸਕਦੇ ਹਨ, ਪਰ ਇਹ ਚੁਣੌਤੀ ਹੈ ਕਿ ਰਾਸ਼ਟਰੀ ਸੁਰੱਖਿਆ ਦੇ ਕਥਾਨਕ ਨੂੰ ਇੰਨੀ ਜਲਦੀ ਕਿਵੇਂ ਬਦਲਿਆ ਜਾਵੇ ਅਤੇ ਸਥਾਨਕ ਤੇ ਘਰੇਲੂ ਮੁੱਦਿਆਂ ਅਤੇ ਸਰਕਾਰ ਦੀਆਂ ਹੋਰ ਅਸਫਲਤਾਵਾਂ ਨੂੰ ਸਾਹਮਣੇ ਲਿਆਂਦਾ ਜਾਵੇ। ਨੁਕਤਾ ਇਹ ਹੈ ਕਿ ਭਾਜਪਾ ਦੇ ਰਾਸ਼ਟਰੀ ਸੁਰੱਖਿਆ ਦੇ ਕਥਾਨਕ 'ਤੇ ਸਵਾਲ ਉਠਾਉਣਾ ਜੋਖਮ ਭਰਿਆ ਹੋਵੇਗਾ। ਇਸ ਨੂੰ ਨੌਕਰੀਆਂ ਵਰਗੇ ਹੋਰਨਾਂ ਮੁੱਦਿਆਂ ਦੀ ਪਹਿਲ ਬਹਾਲ ਕਰਨ ਲਈ ਹੋਰ ਰਸਤੇ ਲੱਭਣੇ ਹੋਣਗੇ। ਇਸ ਦਾ ਕਥਾਨਕ ਕੰਮ ਕਰਦਾ ਹੈ, ਇਹ ਮਤ ਪੇਟੀਆਂ ਨੂੰ ਖੁੱਲ੍ਹਣ ਤੋਂ ਬਾਅਦ ਪਤਾ ਲੱਗੇਗਾ, ਪਰ ਆਪੋਜ਼ੀਸ਼ਨ ਸਾਹਮਣੇ ਭਾਜਪਾ ਦੀ ਮੇਲ-ਮਿਲਾਪ ਵਾਲੀ ਰਣਨੀਤੀ ਦਾ ਸਾਹਮਣਾ ਕਰਨ ਦੀ ਚੁਣੌਤੀ ਹੈ।

# ਬਲਦੀ ਮੋਮਬੱਤੀ ਜਿਹਾ ਜੀਵਨ

-ਬਲਦੇਵ ਸਿੰਘ (ਸੜਕਨਾਮਾ)

ਕਲਕੱਤੇ (ਕੋਲਕਾਤਾ) ਟੈਕਸੀ ਚਲਾਉਂਦਿਆਂ ਰੋਜ਼ ਰਾਤ ਦੇ ਸਾਢੇ ਗਿਆਰਾਂ ਬਾਰਾਂ ਵੱਜ ਜਾਂਦੇ ਸਨ। ਕੋਲਕਾਤਾ ਸਾਰੀ ਰਾਤ ਜਾਗਦੇ ਰਹਿਣ ਵਾਲਾ ਮਹਾਂਨਗਰ ਹੈ। ਹਵਾਈ ਜਹਾਜ਼ਾਂ ਅਤੇ ਰੇਲਾਂ ਦੇ ਆਉਣ ਜਾਣ ਕਰਕੇ ਸਵਾਰੀਆਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਇਕ ਵਾਰ ਰਾਤ ਦੇ ਪੌਣੇ ਕੁ ਬਾਰਾਂ ਵਜੇ ਟੈਕਸੀ ਪੈਟਰੋਲ ਪੰਪ 'ਤੇ ਗਰਾਜ ਕਰਕੇ ਪੂਰੇ ਦਿਨ ਦੀ ਕਮਾਈ ਦਾ ਜਮ੍ਹਾਂ ਘਟਾਓ ਕਰਦਾ ਮੈਂ ਘਰ ਵੱਲ ਤੁਰ ਪਿਆ। ਅੰਤਾਂ ਦੀ ਗਰਮੀ ਸੀ। ਪੂਰਾ ਹੁੰਮਸ। ਕੋਲਕਾਤਾ ਵਿੱਚ ਇਹ ਮੌਸਮ ਹੋਰ ਵੀ ਅਕਾਊ ਅਤੇ ਚਿਪਚਿਪਾ ਹੁੰਦਾ ਹੈ। ਜਿਵੇਂ ਬੰਦਾ ਗੁੜ ਦੇ ਪਾਣੀ ਨਾਲ ਨਹਾਤਾ ਹੋਵੇ।

ਘਰ ਵੱਲ ਜਾਂਦਿਆਂ, ਨਹੀਂ, ਨਹੀਂ! ਮੈਨੂੰ ਘਰ ਨਹੀਂ, ਕਮਰਾ ਕਹਿਣਾ ਚਾਹੀਦਾ ਹੈ। ਪਹਿਲਾਂ ਪਹਿਲ ਮੇਰੇ ਕੋਲ ਇਕੋ ਕਮਰਾ ਹੁੰਦਾ ਸੀ, ਛੋਟਾ ਜਿਹਾ ਕਿਰਾਏ ਉਪਰ। ਕਮਰੇ ਦੇ ਬਾਹਰ ਸਟੋਵ ਰੱਖ ਕੇ ਰੋਟੀਆਂ ਪਕਾਉਂਦੇ ਸਾਂ। ਆਪਣੇ ਕਮਰੇ ਵੱਲ ਤੁਰਿਆ ਜਾਂਦਾ ਮੈਂ ਦਿਨ ਦੀਆਂ ਘਟਨਾਵਾਂ ਚੇਤੇ ਕਰ ਰਿਹਾ ਸਾਂ। ਇਕ ਜਗ੍ਹਾ ਕੁਝ ਗੁੰਡਿਆਂ ਨਾਲ ਝਗੜਾ ਹੋ ਗਿਆ ਸੀ, ਜਾਣ ਲੱਗੇ ਉਹ ਮੇਰੀ ਸੱਜੀ ਬਾਂਹ ਉਤੇ ਚਾਕੂ ਨਾਲ ਕੱਟ ਲਾ ਗਏ ਸਨ। ਚੌਰੰਗੀ ਰੋਡ ਉਤੇ ਲਾਲ ਸਿਗਨਲ ਕਰਾਸ ਕਰਨ 'ਤੇ ਚਲਾਨ ਹੋ ਗਿਆ ਸੀ। ਦੁਪਹਿਰ ਤੋਂ ਬਾਅਦ ਡਾਇਨਮੋ (ਜਿਸ ਨੂੰ ਪੰਜਾਬੀ ਡਰਾਈਵਰ ਸੌਖ ਲਈ 'ਦੈਣਾਮੂੰਹ' ਆਖਦੇ ਹਨ) ਦੀ ਬੈਲਟ ਟੁੱਟ ਗਈ ਸੀ। ਏਅਰਪੋਰਟ ਉਪਰ ਸਵਾਰੀ ਛੱਡਣ ਗਿਆ ਸਾਂ ਤਾਂ ਰਾਹ ਵਿੱਚ ਟਾਇਰ ਪੰਚਰ ਹੋ ਗਿਆ ਸੀ। ਹੋਰ ਵੀ ਨਿੱਕਾ ਮੋਟਾ ਬਥੇਰਾ ਕੁਝ ਸੀ ਦਿਨ ਭਰ ਦੀਆਂ ਦੁਸ਼ਵਾਰੀਆਂ ਦਾ।

ਮੁੜ੍ਹਕੇ ਨਾਲ ਕੱਪੜੇ ਭਿੱਜੇ ਹੋਏ ਸਨ। ਪਜਾਮਾ ਲਾਹ ਕੇ ਮੈਂ ਮੋਢੇ ਉਪਰ ਸੁੱਟ ਲਿਆ। ਪੱਗ ਕੱਛ ਵਿੱਚ ਲੈ ਲਈ। ਕਮਰੇ ਦਾ ਬੂਹਾ ਖੜਕਾਇਆ। ਕੁੰਡਾ ਖੁੱਲ੍ਹਿਆ। ਬਿਜਲੀ ਗਈ ਹੋਈ ਸੀ। ਪਤਨੀ ਨੇ ਮੋਮਬੱਤੀ ਬਾਲ ਲੀ।

'ਕਦੋਂ ਦੀ ਗਈ ਐ ਇਹ..।' ਕੁੜਤਾ ਲਾਹੁੰਦਿਆਂ ਮੈਂ ਬਿਜਲੀ ਨੂੰ ਗਾਲ੍ਹ ਕੱਢ ਪੁੱਛਿਆ।

'ਮੈਂ ਕੀ ਦੱਸਾਂ, 10 ਮਿੰਟ ਨੀ ਆਉਂਦੀ, ਤੁਰ ਜਾਂਦੀ ਐ, ਆ ਜਾਂਦੀ ਐ। ਸਾਰਾ ਦਿਨ ਐਂ ਈ ਚਲਿੱਤਰ ਜੇਹ ਕਰੀ ਜਾਂਦੀ ਐ।' ਪਤਨੀ ਵੀ ਦੁਖੀ ਲੱਗਦੀ ਸੀ

'ਤੇਰੇ ਆਂਗੂ?' ਅੱਕੇ ਅਤੇ ਖਿੱਝੇ ਹੋਣ ਦੇ ਬਾਵਜੂਦ ਮੈਂ ਛੇੜਿਆ।

'ਮੈਂ ਚਲਿੱਤਰ ਕਰਦੀ ਆਂ?' ਪਤਨੀ ਨੇ ਗੁੱਸੇ ਹੁੰਦਿਆਂ ਸੱਪਣੀ ਵਾਂਗ ਫੂੰਕਾਰਾ ਮਾਰਿਆ ਤਾਂ ਮੋਮਬੱਤੀ ਦੀ ਲਾਟ 'ਚ ਭੂਚਲ ਆ ਗਿਆ।

'ਮੈਂ ਤਾਂ ਊਂ ਈ ਕਿਹਾ ਭਾਗਵਾਨੇ ਤੂੰ ਆਹ ਸਾਂਭ।' ਅੱਜ ਦੀ ਕਮਾਈ ਫੜਾਈ ਤਾਂ ਉਸ ਦੇ ਤੇਵਰ ਨਰਮ ਪੈ ਗਏ।

'ਰੋਟੀ ਪਾਵਾਂ ਕਿ ਅਜੇ..?' ਉਸ ਨੇ ਪੁੱਛਿਆ।

'ਠਹਿਰ ਜਾ, ਗਲਾਸ ਫੜਾ ਪਹਿਲਾਂ ਤੇ ਪਾਣੀ ਦੇਹ।' ਗਲਾਸ ਫੜਾਉਂਦਿਆਂ ਉਸ ਨੇ ਮੇਰੀ ਬਾਂਹ ਦਾ ਜ਼ਖਮ ਵੇਖ ਕੇ ਪੁੱਛਿਆ-

'ਆਹ ਕੀ ਹੋ ਗਿਆ ਜੀ?'

'ਐਵੇਂ ਝਰੀਟ ਐ ਮਾੜੀ ਜੀ।'

'ਕਿੱਥੋਂ ਲੱਗ ਗੀ?'

'ਝਗੜਾ ਹੋ ਗਿਆ ਸੀ ਗੁੰਡਿਆਂ ਨਾਲ।'

ਹੱਥ ਵਿੱਚ ਫੜਿਆ ਗਲਾਸ ਅਜੇ ਖਾਲੀ ਸੀ। ਉਦੋਂ ਹੀ ਬਾਹਰੋਂ ਕਿਸੇ ਨੇ ਕੁੰਡਾ ਖੜਕਾਇਆ।

'ਕਿਹੜਾ ਮਰ ਗਿਆ ਐਸ ਵੇਲੇ?' ਗਲਾਸ ਪਾਸੇ ਰੱਖਦਿਆਂ ਮੈਂ ਉਠ ਕੇ ਬੂਹੇ ਲਾਗੇ ਆਣ ਕੇ ਪੁੱਛਿਆ।

'ਥਾਨੇ ਸੇ ਆਇਆ ਹੂੰ, ਬੂਹਾ ਖੋਲ੍ਹ।' ਬੂਹਾ ਖੋਲ੍ਹਿਆ, ਬਾਹਰ ਦੋ ਸਿਪਾਹੀ ਅਤੇ ਟੈਕਸੀ ਚਾਲਕ ਖੜੇ ਸਨ।

'ਕੀ ਹੋਇਆ?' ਸੱਚਮੁੱਚ ਮੈਂ ਅੰਦਰੋਂ ਡਰ ਗਿਆ।

'ਇਹ ਆਂਹਦੇ ਆ, ਛੇ ਤਰੀਕ ਨੂੰ ਅਲੀਪੁਰ ਜਿਹੜੀ ਬੈਂਕ ਡਕੈਤੀ ਹੋਈ ਸੀ, ਓਹਦੇ 'ਚ ਆਪਣੀ ਗੱਡੀ ਦਾ ਨੰਬਰ ਹੈ।' ਮਾਲਕ ਬੋਲਿਆ।

ਮੈਂ ਮਹਿਸੂਸ ਕੀਤਾ, ਗੱਡੀ ਮਾਲਕ ਦੇ ਬੋਲਾਂ ਵਿੱਚ ਕੰਬਣੀ ਸੀ।

'6 ਤਰੀਕ..?' ਮੈਂ ਸੋਚੀਂ ਪੈ ਗਿਆ। ਫਿਰ ਯਾਦ ਵੀ ਆ ਗਿਆ।

'ਇਨ੍ਹਾਂ ਦਾ ਮੱਥਾ ਖਰਾਬ ਐ? 6 ਤਰੀਕ ਨੂੰ ਆਪਣੀ ਗੱਡੀ ਦੀ ਪਾਸਿੰਗ ਸੀ। ਟੈਕਸੀ ਸਾਰਾ ਦਿਨ ਖੜੀ ਰਹੀ। ਬੈਂਕ ਡਕੈਤੀ ਇਨ੍ਹਾਂ ਦੀ ਮੇਰੇ ਮੂੰਹੋਂ ਗਾਲ੍ਹ ਨਿਕਲਦੀ ਐ।

'ਏਹ ਸ਼ੋਰਦਾਰ..।' ਇਕ ਸਿਪਾਹੀ ਰੋਹਬ ਨਾਲ ਬੋਲਿਆ,'ਗਾਲ੍ਹੀ ਨਹੀਂ ਦੇਗਾ।'

'ਹੋਰ ਨਿਉਂਦਾ ਪਾਵਾਂ ਥੋਨੂੰ, ਅੱਧੀ ਰਾਤ ਨੂੰ ਵੀ ਸੌਣ ਨਹੀਂ ਦਿੰਦੇ।'

'ਹਮਰਾ ਤੋਂ ਡਿਊਟੀ ਹੈ, ਤਫਤੀਸ਼ ਕਰਨਾ ਹੈ।'

'ਚੰਗੀ ਤਫਤੀਸ਼ ਕਰਦੇ ਓ? ਮੋਟਰ ਵਹੀਕਲ ਜਾ ਕੇ ਤਸੱਲੀ ਕਰੋ ਪਹਿਲਾਂ।' ਮੈਂ ਪੂਰੇ ਭਰੋਸੇ ਨਾਲ ਕਿਹਾ।

ਟੈਕਸੀ ਮਾਲਕ ਦੇ ਚਿਹਰੇ 'ਤੇ ਰੌਣਕ ਆ ਗਈ। ਦੋਵੇਂ ਸਿਪਾਹੀ ਜਰਕ ਗਏ।

'ਠੀਕ ਹੈ, ਕੱਲ੍ਹ ਥਾਨੇ ਮੇਂ ਗਰਾਜ ਬੁੱਕ ਲੈ ਕੇ ਆਨਾ।' ਇਕ ਸਿਪਾਹੀ ਨੇ ਕਿਹਾ ਤਾਂ ਹੁਕਮ ਵਾਂਗ ਹੀ, ਪਰ ਉਸ ਦੇ ਬੋਲਾਂ ਵਿੱਚ ਪਹਿਲਾਂ ਵਾਲਾ ਰੋਹਬ ਨਹੀਂ ਸੀ। ਸਿਪਾਹੀ ਤੁਰ ਗਏ।

ਮੈਂ ਮਾਲਕ ਨੂੰ ਘੁੱਟ ਲਾਉਣ ਦੀ ਸੁਲ੍ਹਾ ਮਾਰੀ। 'ਮੈਂ ਤਾਂ ਰੋਟੀ ਖਾਈ ਫਿਰਦੈ।' ਆਖ ਕੇ ਉਹ ਚਲਿਆ ਗਿਆ।

'ਕੌਣ ਸੀਗੇ ਜੀ?' ਪਤਨੀ ਨੇ ਫਿਕਰ ਨਾਲ ਪੁੱਛਿਆ।

'ਓਪਰੇ ਬੰਦੇ ਸੀ।' ਗਲਾਸ ਫਿਰ ਚੁੱਕਦਿਆਂ ਮੈਂ ਲਾਪਰਵਾਹੀ ਨਾਲ ਕਿਹਾ।

'ਐਸ ਵੇਲੇ ਅੱਧੀ ਰਾਤ ਨੂੰ ਕੀ ਲੈਣ ਆਏ ਸੀ?' ਪਤਨੀ ਹੈਰਾਨ ਸੀ।

'ਆਪਣੇ ਮੁੰਡੇ ਨੂੰ ਸਾਕ ਕਰਨ ਆਏ ਸੀ।' ਮੈਂ ਖਿਝ ਕੇ ਕਿਹਾ।

'ਫੇਰ ਜੀ..?'

'ਫੇਰ ਕੀ, ਮੈਂ ਆਖਿਆ ਅਜੇ ਛੋਟੇ ਐ। ਦੋ ਕੁ ਸਾਲ ਠਹਿਰ ਕੇ ਆ ਜਿਓ, ਪਰ ਉਹ ਜ਼ਿੱਦ ਕਰੀ ਗਏ। ਮਸਾਂ ਤੋਰੇ। ਲਿਆ ਰੋਟੀ ਪਾ ਤੂੰ।'

'ਪਤਾ ਨੀ ਕੀਹਦੇ ਨਾਲ ਸਾਈਆਂ ਵਧਾਈਆਂ ਲਾਈ ਫਿਰੂ।' ਉਸ ਨੇ ਮੂੰਹ ਵਿੱਚ ਹੀ ਕੁਝ ਕਿਹਾ।

'ਮੈਨੂੰ ਕਿਹੈ ਕੁਝ?'

'ਮੈਨੂੰ ਤਾਂ ਏਸ ਬੰਦੇ ਦਾ ਭੋਰਾ ਭੇਤ ਨ੍ਹੀਂ ਆਇਆ। ਕੀ ਕਰਦਾ ਫਿਰਦੈ ਬਾਹਰ।' ਆਪਣੇ ਨਾਲ ਹੀ ਗੱਲਾਂ ਕਰਦੀ ਉਹ ਸਟੋਵ ਬਾਲਣ ਲੱਗ ਪਈ।

ਮੈਂ ਨੰਗੀ ਫਰਸ਼ 'ਤੇ ਚੌਕੜੀ ਮਾਰ ਕੇ ਬਲਦੀ ਮੋਮਬੱਤੀ ਵੱਲ ਤੱਕਣ ਲੱਗਾ।


Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
Gore Rd
DENTISTRY
Squire Ellis Dr
Countryside Dr



NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਪੁਲਸ ਸੀਨੀਆਰਤਾ ਦਾ ਮਾਮਲਾ

# ਮੁਸਤਫਾ ਅਤੇ ਚਟੋਪਾਧਿਆਏ ਦੀ ਪਟੀਸ਼ਨ ਉੱਤੇ ਕੈਟ ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਨੋਟਿਸ

ਚੰਡੀਗੜ੍ਹ, 6 ਮਾਰਚ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦੀ ਨਿਯੁਕਤੀ 'ਚ ਸੀਨੀਆਰਤਾ ਉਲੰਘਣ ਦਾ ਮਾਮਲਾ ਕੇਂਦਰੀ ਪ੍ਰਸ਼ਾਸਕੀ ਟ੍ਰਿਬਿਊਨਲ (ਕੈਟ) ਦੇ ਚੰਡੀਗੜ੍ਹ ਬੈਂਚ ਕੋਲ ਪਹੁੰਚ ਕੇ ਅੱਗੇ ਖਿੱਲਰ ਰਿਹਾ ਹੈ। ਇਸ ਸੰਬੰਧ ਵਿੱਚ ਪੰਜਾਬ ਦੇ ਆਈ ਪੀ ਐੱਸ ਅਧਿਕਾਰੀ ਮੁਹੰਮਦ ਮੁਸਤਫਾ (1985 ਬੈਚ) ਦੇ ਬਾਅਦ ਇੱਕ ਹੋਰ ਆਈ ਪੀ ਐੱਸ ਅਫਸਰ ਸਿਧਾਰਥ ਚਟੋਪਾਧਿਆਏ (1985 ਬੈਚ) ਨੇ ਵੀ ਮੌਜੂਦਾ ਡੀ ਜੀ ਪੀ ਦਿਨਕਰ ਗੁਪਤਾ ਦੀ ਚੋਣ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ, ਜਿਸ ਨਾਲ ਮਾਮਲਾ ਗੰਭੀਰ ਬਣਦਾ ਜਾ ਰਿਹਾ ਹੈ।

ਇਨ੍ਹਾਂ ਦੋ ਸੀਨੀਅਰ ਅਧਿਕਾਰੀਆਂ ਨੇ ਕੈਟ ਦੇ ਕੋਲ ਕੀਤੀਆਂ ਗਈਆਂ ਪਟੀਸ਼ਨਾਂ ਵਿੱਚ ਕਿਹਾ ਹੈ ਕਿ ਯੂ ਪੀ ਐੱਸ ਸੀ (ਯੂਨੀਅਨ ਪਬਲਿਕ ਸਰਵਿਸ ਕਮਿਸ਼ਨ) ਵੱਲੋਂ ਭੇਜੇ ਗਏ ਡੀ ਜੀ ਪੀ ਦੇ ਪੈਨਲ ਵਿੱਚੋਂ ਉਹ ਵੱਧ ਯੋਗ ਹਨ। ਉਨ੍ਹਾਂ ਦਾ ਪੁਲਸ ਸੇਵਾ ਦਾ ਰਿਕਾਰਡ ਵੀ ਅੱਛਾ ਰਿਹਾ ਹੈ। ਪਹਿਲਾਂ ਪੰਜਾਬ ਸਰਕਾਰ ਨੇ ਡੀ ਜੀ ਪੀ ਦੀ ਨਿਯੁਕਤੀ ਲਈ ਯੂ ਪੀ ਐੱਸ ਸੀ ਨੂੰ ਜਿਹੜੇ ਨਾਂਅ ਭੇਜੇ ਸਨ, ਉਨ੍ਹਾਂ ਵਿੱਚ ਉਨ੍ਹਾਂ ਦੋਵਾਂ ਦੇ ਨਾਂਅ ਸ਼ਾਮਲ ਸਨ, ਪਰ ਉਨ੍ਹਾਂ ਨੂੰ ਸ਼ਾਰਟ ਲਿਸਟ ਨਹੀਂ ਕੀਤਾ ਗਿਆ। ਪੈਨਲ ਵਿੱਚ ਉਨ੍ਹਾਂ ਦੇ ਨਾਲ ਦਿਨਕਰ ਗੁਪਤਾ, ਐੱਮ ਕੇ ਤਿਵਾੜੀ ਅਤੇ ਵੀ ਕੇ ਭਾਵਰਾ ਦੇ ਨਾਂਅ ਵੀ ਸਨ, ਜਿਨ੍ਹਾਂ ਵਿੱਚੋਂ ਦਿਨਕਰ ਗੁਪਤਾ ਨੂੰ ਸਿਲੈਕਟ ਕੀਤਾ ਗਿਆ ਸੀ। ਮੁਹੰਮਦ ਮੁਸਤਫਾ ਅਤੇ ਚਟੋਪਾਧਿਆਏ ਦਾ ਕਹਿਣਾ ਹੈ ਕਿ ਇਸ ਵਿੱਚ ਸ਼ੱਕ ਨਹੀਂ ਹੈ ਕਿ ਡੀ ਜੀ ਪੀ ਦੀ ਨਿਯੁਕਤੀ ਕਰਨਾ ਕਿਸੇ ਵੀ ਰਾਜ ਦੇ ਮੁੱਖ ਮੰਤਰੀ ਦਾ ਅਧਿਕਾਰ ਖੇਤਰ ਹੈ ਅਤੇ ਇਸ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕਦੀ, ਪਰ ਯੂ ਪੀ ਐੱਸ ਸੀ ਵੱਲੋਂ ਜੇ ਕਿਸੇ ਪੁਲਸ ਅਫਸਰ ਨਾਲ ਬਿਨਾਂ ਠੋਸ ਕਾਰਨ ਦੇ ਬੇਇਨਸਾਫੀ ਕੀਤੀ ਜਾਂਦੀ ਹੈ ਤਾਂ ਉਸ ਵਿਰੁੱਧ ਅਦਾਲਤ ਨੂੰ ਪਹੁੰਚ ਕੀਤੀ ਜਾ ਸਕਦੀ ਹੈ। ਵਰਨਣ ਯੋਗ ਹੈ ਕਿ ਪਹਿਲਾਂ ਇਸੇ ਮੁੱਦੇ ਉੱਤੇ ਇਹ ਅਧਿਕਾਰੀ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਚੁੱਕੇ ਹਨ, ਪਰ ਉਨ੍ਹਾਂ ਦੀ ਪਟੀਸ਼ਨ ਰੱਦ ਕਰ ਦਿੱਤੀ ਗਈ ਸੀ। ਇਸ ਮਾਮਲੇ ਕੈਟ ਨੇ ਕੇਂਦਰ ਤੇ ਰਾਜ ਕੋਲੋਂ 27 ਮਾਰਚ ਨੂੰ ਜਵਾਬ ਤਲਬ ਕੀਤਾ ਹੈ।

# ਸੁਖਬੀਰ ਬਾਦਲ ਫਿਰ ਮਰਿਆਦਾ ਕਮੇਟੀ ਮੂਹਰੇ ਨਹੀਂ ਪੇਸ਼ ਹੋਏ



ਚੰਡੀਗੜ੍ਹ, 6 ਮਾਰਚ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ (ਹਾਊਸ) ਦੀ ਮਾਣਹਾਨੀ ਕਰਨ ਤੇ ਵਿਧਾਨ ਸਭਾ ਸਪੀਕਰ ਵਿਰੁੱਧ ਗਲਤ ਭਾਸ਼ਾ ਵਰਤਣ ਦੇ ਦੋਸ਼ਾਂ ਵਿੱਚ ਉਲਝੇ ਹੋਏ ਜਲਾਲਾਬਾਦ ਤੋਂ ਅਕਾਲੀ ਦਲ ਦੇ ਵਿਧਾਇਕ ਤੇ ਅਕਾਲੀ ਦਲ ਦੇ ਪ੍ਰਧਾਨ ਕੱਲ੍ਹ ਚੌਥੀ ਵਾਰ ਬੁਲਾਉਣ ਉੱਤੇ ਵੀ ਵਿਸ਼ੇਸ਼ ਅਧਿਕਾਰ ਕਮੇਟੀ ਸਾਹਮਣੇ ਪੇਸ਼ ਨਹੀਂ ਹੋਏ।

ਵਰਨਣ ਯੋਗ ਹੈ ਕਿ ਪਿਛਲੀ ਵਾਰੀ ਸੁਖਬੀਰ ਸਿੰਘ ਬਾਦਲ ਨੇ ਲਿਖਤੀ ਸੁਨੇਹਾ ਭੇਜ ਕੇ ਬਹਾਨਾ ਲਾਇਆ ਸੀ ਕਿ ਉਸ ਉੱਤੇ ਲਾਏ ਗਏ ਦੋਸ਼ਾਂ ਦੀ ਕਾਪੀ ਉਸ ਨੂੰ ਨਹੀਂ ਮਿਲੀ, ਪਹਿਲਾਂ ਉਹ ਕਾਪੀ ਦਿੱਤੀ ਜਾਵੇ। ਇਸ ਬਾਰੇ ਗੱਲਬਾਤ ਦੌਰਾਨ ਮਰਿਆਦਾ ਕਮੇਟੀ ਦੇ ਚੇਅਰਮੈਨ ਕੁਸ਼ਲਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਦੋਸ਼ਾਂ ਦੀ ਕਾਪੀ ਜਨਵਰੀ ਦੀ ਬੈਠਕ ਵੇਲੇ ਸੁਖਬੀਰ ਸਿੰਘ ਬਾਦਲ ਨੂੰ ਭੇਜ ਦਿੱਤੀ ਗਈ ਸੀ, ਹੋਰ ਬਹਾਨੇ ਨਹੀਂ ਚੱਲਣਗੇ। ਉਨ੍ਹਾਂ ਕਿਹਾ ਕਿ 14 ਮਾਰਚ ਦੁਪਹਿਰ 12 ਵਜੇ ਅਗਲੀ ਬੈਠਕ ਰੱਖੀ ਹੈ ਅਤੇ ਸੁਖਬੀਰ ਸਿੰਘ ਬਾਦਲ ਨੂੰ ਕਮੇਟੀ ਸਾਹਮਣੇ ਪੇਸ਼ ਹੋ ਕੇ ਆਪਣਾ ਪੱਖ ਰੱਖਣ ਦਾ ਇਹ ਆਖਰੀ ਮੌਕਾ ਹੋਵੇਗਾ। ਢਿੱਲੋਂ ਨੇ ਇਹ ਵੀ ਕਿਹਾ ਕਿ ਵਿਧਾਨ ਸਭਾ ਤੇ ਉਸ ਦੀ ਇਸ ਪਰਿਵ-ਲੇਜ ਕਮੇਟੀ ਇੱਕ ਵਿਧਾਇਕ ਦਾ ਕਰੱਤਵ ਹੈ ਅਤੇ ਜੇ ਇਸ ਵਾਰ ਵੀ ਨਿਯਮਾਂ ਦੀ ਉਲੰਘਣਾ ਕਰ ਕੇ ਇਹ ਵਿਧਾਇਕ ਕਮੇਟੀ ਕੋਲ ਪੇਸ਼ ਨਾ ਹੋਏ ਤਾਂ ਕਮੇਟੀ ਜੋ ਰਿਪੋਰਟ ਦੇਵੇਗੀ, ਉਹ ਵਿਧਾਨ ਸਭਾ ਦੇ ਅਗਲੇ ਸੈਸ਼ਨ ਵਿੱਚ ਪੇਸ਼ ਹੋਵੇਗੀ। ਇਸ ਪਿੱਛੋਂ ਵਿਧਾਇਕ ਦੇ ਵਿਰੁੱਧ ਸਖਤ ਐਕਸ਼ਨ ਹੋਵੇਗਾ, ਜਿਸ ਵਿੱਚ ਉਸ ਦੀ ਵਿਧਾਨ ਸਭਾ ਦੀ ਮੈਂਬਰਸ਼ਿਪ ਰੱਦ ਹੋਣ ਦਾ ਵੀ ਖਦਸ਼ਾ ਹੈ।

ਮਰਿਆਦਾ ਕਮੇਟੀ ਦੀ ਕੱਲ੍ਹ ਹੋਈ ਬੈਠਕ ਵਿੱਚ ਅਕਾਲੀ ਵਿਧਾਇਕਾਂ ਪਵਨ ਟੀਨੂੰ ਤੇ ਡਾਕਟਰ ਸੁਖਵਿੰਦਰ ਕੁਮਾਰ ਨੇ ਸਲਾਹ ਦਿੱਤੀ ਸੀ ਕਿ ਦੋਸ਼ਾਂ ਦੀ ਇੱਕ ਹੋਰ ਕਾਪੀ ਸੁਖਬੀਰ ਸਿੰਘ ਬਾਦਲ ਨੂੰ ਭੇਜ ਦਿੱਤੀ ਜਾਵੇ, ਪਰ ਇਸ ਕਮੇਟੀ ਦੇ ਚੇਅਰਮੈਨ ਕੁਸ਼ਲਦੀਪ ਸਿੰਘ ਢਿੱਲੋਂ ਨੇ ਇਹ ਕਹਿ ਕੇ ਮਨ੍ਹਾ ਕਰ ਦਿੱਤਾ ਕਿ ਪਹਿਲੀ ਚਿੱਠੀ ਨਾਲ ਦੋਸ਼ਾਂ ਦੀ ਕਾਪੀ ਭੇਜੀ ਜਾ ਚੁੱਕੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਵਿਧਾਨ ਸਭਾ ਸੈਸ਼ਨ ਵਿੱਚ ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਬ੍ਰਹਮ ਮਹਿੰਦਰਾ ਨੇ ਹਾਊਸ ਦੀ ਮਾਣਹਾਈ ਦੇ ਇਹ ਮਤੇ ਲਿਆਂਦੇ ਸਨ, ਜੋ ਜਨਤਕ ਹੋ ਚੁੱਕੇ ਹਨ ਤੇ ਰਿਕਾਰਡ ਦੇ ਦਸਤਾਵੇਜ਼ ਬਣੇ ਹੋਏ ਹਨ। ਸੁਖਬੀਰ ਸਿੰਘ ਬਾਦਲ ਅਗਲੀ ਬੈਠਕ 14 ਮਾਰਚ ਨੂੰ ਖੁਦ ਆ ਕੇ ਜ਼ੁਬਾਨੀ ਕੀਤੀ ਜਾਣ ਵਾਲੀ ਪੁੱਛਗਿੱਛ ਅਤੇ ਸਵਾਲਾਂ ਦੇ ਜਵਾਬ ਦੇਣ। ਪਹਿਲਾਂ ਛੇ ਫਰਵਰੀ ਤੇ 11 ਫਰਵਰੀ ਦੀਆਂ ਬੈਠਕਾਂ ਵਿੱਚ ਵੀ ਸਿੰਘ ਸੁਖਬੀਰ ਬਾਦਲ ਨੇ ਵਿਸ਼ੇਸ਼ ਅਧਿਕਾਰ ਕਮੇਟੀ ਸਾਹਮਣੇ ਪੇਸ਼ ਹੋਣ ਅਤੇ ਪੁੱਛਗਿੱਛ ਤੋਂ ਪਾਸਾ ਵੱਟ ਲਿਆ ਸੀ। ਸੁਖਬੀਰ ਸਿੰਘ ਬਾਦਲ ਦੇ ਵਿਰੁੱਧ ਮਾਣਹਾਨੀ ਦੇ ਦੋ ਦੋਸ਼ ਹਨ। ਇੱਕ, ਹਾਊਸ ਅਤੇ ਚੇਅਰ ਨੂੰ ਨਿਸ਼ਾਨਾ ਬਣਾ ਕੇ ਸਪੀਕਰ ਰਾਣਾ ਕੇ ਪੀ ਸਿੰਘ 'ਤੇ ਨਿੱਜੀ ਦੋਸ਼ ਲਾਉਣ ਦਾ, ਜੋ ਘਟਨਾ ਜੂਨ 2017 ਵਿੱਚ ਵਿਧਾਨ ਸਭਾ ਦੇ ਅੰਦਰ ਹੋਈ ਸੀ। ਦੂਜਾ ਦੋਸ਼ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਕਾਰਵਾਈ ਅਤੇ ਸਦਨ ਵਿੱਚ ਹੋਈ ਬਹਿਸ ਮੌਕੇ ਗਲਤ ਬਿਆਨਬਾਜ਼ੀ ਦਾ ਹੈ। ਇਹ ਬਿਆਨਬਾਜ਼ੀ ਅਗਸਤ 2018 ਦੇ ਸੈਸ਼ਨ ਦੌਰਾਨ ਕੀਤੀ ਗਈ ਸੀ, ਜਿਸ 'ਤੇ ਸੁਖਜਿੰਦਰ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਗਠਿਤ ਪੰਜ ਮੈਂਬਰੀ ਹਾਊਸ ਕਮੇਟੀ ਨੇ ਰਿਪੋਰਟ ਬਣਾਈ ਤੇ 14 ਦਸੰਬਰ 2018 ਨੂੰ ਸਦਨ ਵਿੱਚ ਪੇਸ਼ ਕੀਤੀ। ਇਸ 'ਤੇ ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਬ੍ਰਹਮ ਮਹਿੰਦਰਾ ਨੇ ਵਿਧਾਨ ਸਭਾ ਵਿੱਚ ਸੁਖਬੀਰ ਸਿੰਘ ਬਾਦਲ ਵਿਰੁੱਧ ਮਤਾ ਲਿਆਂਦਾ ਸੀ। ਇਸ ਮਤੇ ਵਿੱਚ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਸੀ ਕਿ ਸੁਖਬੀਰ ਸਿੰਘ ਬਾਦਲ ਐੱਮ ਐੱਲ ਏ ਹੋਣ ਦੇ ਨਾਲ ਇੱਕ ਪਾਰਟੀ ਦੇ ਪ੍ਰਧਾਨ ਵੀ ਹਨ, ਜਿਸ ਕਰ ਕੇ ਉਨ੍ਹਾਂ ਦੀ ਸਮਾਜ ਤੇ ਸਦਨ ਪ੍ਰਤੀ ਜ਼ਿੰਮੇਵਾਰੀ ਹੋਰ ਵਧ ਜਾਂਦੀ ਹੈ। ਮੰਤਰੀ ਨੇ ਮਤੇ ਵਿੱਚ ਇਹ ਵੀ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਤੱਥਾਂ ਦੇ ਉਲਟ ਜਾ ਕੇ ਸਦਨ ਦੇ ਅੰਦਰ ਤੇ ਬਾਹਰ ਗਲਤ ਦੋਸ਼ ਲਾਏ ਅਤੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕੀਤੀ ਅਤੇ ਮਾਣ-ਮਰਿਆਦਾ ਦਾ ਘਾਣ ਕੀਤਾ ਹੈ। ਬੀਤੀ 10 ਜਨਵਰੀ ਦੀ ਬੈਠਕ ਵਿੱਚ ਬ੍ਰਹਮ ਮਹਿੰਦਰਾ ਖੁਦ ਮਰਿਆਦਾ ਕਮੇਟੀ ਕੋਲ ਇਸ ਮਤੇ ਅਤੇ ਲਾਏ ਗਏ ਦੋਸ਼ਾਂ ਦੀ ਪ੍ਰੋੜ੍ਹਤਾ ਕਰ ਗਏ ਸਨ। ਕੱਲ੍ਹ ਹੋਈ ਬੈਠਕ ਵਿੱਚ ਕੁੱਲ 12 ਮੈਂਬਰਾਂ ਵਿੱਚੋਂ ਚੇਅਰਮੈਨ ਸਮੇਤ 10 ਵਿਧਾਇਕ ਹਾਜ਼ਰ ਹੋਏ ਸਨ।

# ਮਨੁੱਖੀ ਅਧਿਕਾਰਾਂ ਦੇ ਘਾਣ ਵਿੱਚ ਪੰਜਾਬ ਪੁਲਸ ਫਿਰ ਮੋਹਰੀ

ਚੰਡੀਗੜ੍ਹ, 6 ਮਾਰਚ (ਪੋਸਟ ਬਿਊਰੋ)- ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦਾ ਸਭ ਤੋਂ ਵਧੇਰੇ ਘਾਣ ਪੁਲਸ ਵੱਲੋਂ ਕੀਤਾ ਜਾਂਦਾ ਹੈ। ਸੀਨੀਅਰ ਪੁਲਸ ਅਫਸਰ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਮੁਲਾਜ਼ਮਾਂ ਤੇ ਅਫਸਰਾਂ ਨੂੰ ਬਚਾਉਣ ਲਈ ਟਿੱਲ ਲਾ ਦਿੰਦੇ ਹਨ। ਇਹ ਤੱਥ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਵਿੱਚ ਪੇਸ਼ ਹੋਏ ਹਨ, ਜੋ ਪਿਛਲੇ ਹਫਤੇ ਖਤਮ ਹੋਏ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿੱਚ ਪੇਸ਼ ਕੀਤੀ ਗਈ ਸੀ।

ਆਪਣੀ ਸਾਲਾਨਾ ਰਿਪੋਰਟ ਮੁਤਾਬਕ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਸਾਲ 2016-17 ਦੌਰਾਨ ਮਨੁੱਖੀ ਅਧਿਕਾਰਾਂ ਦੇ ਉਲੰਘਣ ਦੀਆਂ 10820 ਸ਼ਿਕਾਇਤਾਂ ਮਿਲੀਆਂ ਸਨ, ਜਿਨ੍ਹਾਂ 'ਚੋਂ 55 ਫੀਸਦੀ ਸ਼ਿਕਾਇਤਾਂ ਹਿਰਾਸਤ ਵਿੱਚ ਮੌਤਾਂ, ਤਸ਼ੱਦਦ, ਪੁਲਸ ਤੇ ਜੇਲ੍ਹ ਅਫਸਰਾਂ ਵੱਲੋਂ ਝੂਠੇ ਕੇਸਾਂ ਵਿੱਚ ਫਸਾਉਣ ਦੇ ਕੇਸਾਂ ਬਾਰੇ ਸਨ। ਵਧੀਕੀਆਂ ਬਾਰੇ 52 ਫੀਸਦੀ ਸ਼ਿਕਾਇਤਾਂ (5647) ਇਕੱਲੀਆਂ ਪੰਜਾਬ ਪੁਲਸ ਨਾਲ ਸਬੰਧਤ ਹਨ। ਕਮਿਸ਼ਨ ਨੂੰ 28 ਫੀਸਦੀ (3015) ਸ਼ਿਕਾਇਤਾਂ ਮਿਲੀਆਂ ਕਿ ਪੁਲਸ ਨੇ ਬਣਦੀ ਕਾਨੂੰਨੀ ਕਾਰਵਾਈ ਨਹੀਂ ਕੀਤੀ। ਇਨ੍ਹਾਂ ਤੋਂ ਇਲਾਵਾ ਪੁਲਸ ਦੀ ਧੱਕੇਸ਼ਾਹੀ ਦੀਆਂ 1282 ਸ਼ਿਕਾਇਤਾਂ ਅਤੇ ਪੁਲਸ ਵੱਲੋਂ ਝੂਠੇ ਕੇਸਾਂ ਵਿੱਚ ਫਸਾਉਣ ਬਾਰੇ 741 ਸ਼ਿਕਾਇਤਾਂ ਵੀ ਮਿਲੀਆਂ ਹਨ। ਜੇਲ੍ਹ ਅਧਿਕਾਰੀਆਂ ਦੇ ਖਿਲਾਫ ਜੁਡੀਸ਼ਲ ਹਿਰਾਸਤ ਵਿੱਚ ਮੌਤਾਂ ਬਾਰੇ 226 ਸ਼ਿਕਾਇਤਾਂ ਮਿਲੀਆਂ ਸਨ। ਕਮਿਸ਼ਨ ਨੇ ਆਪਣੀ ਰਿਪੋਰਟ ਵਿੱਚ ਇਸ ਰੁਝਾਨ ਦੀ ਨਿਸ਼ਾਨਦੇਹੀ ਕੀਤੀ ਹੈ ਕਿ ਜਦੋਂ ਉਸ ਵੱਲੋਂ ਮਨੁੱਖੀ ਅਧਿਕਾਰਾਂ ਦੇ ਕੇਸਾਂ ਬਾਰੇ ਦੋਸ਼ੀ ਪੁਲਸ ਅਫਸਰਾਂ ਤੇ ਮੁਲਾਜ਼ਮਾਂ ਖਿਲਾਫ ਵਿਭਾਗੀ ਕਾਰਵਾਈ ਦੀ ਸਿਫਾਰਸ਼ ਕੀਤੀ ਜਾਂਦੀ ਹੈ ਤਾਂ ਦੇਖਿਆ ਗਿਆ ਹੈ ਕਿ ਸੀਨੀਅਰ ਪੁਲਸ ਅਧਿਕਾਰੀ ਆਪਣੇ ਹੇਠਲੇ ਅਫਸਰਾਂ ਨੂੰ ਬਚਾਉਣ ਦੀ ਵਾਹ ਲਾਉਂਦੇ ਹਨ। ਇਸ ਲਈ ਕਮਿਸ਼ਨ ਨੇ ਕੁਝ ਕੇਸਾਂ ਵਿੱਚ ਆਪਣੇ ਜਾਂਚ ਵਿੰਗ ਤੋਂ ਅਜ਼ਾਦਾ ਜਾਂਚ ਕਰਵਾਈ ਹੈ। ਬਹੁਤੇ ਕੇਸਾਂ ਵਿੱਚ ਦੇਖਣ ਨੂੰ ਮਿਲਿਆ ਕਿ ਮਨੁੱਖੀ ਅਧਿਕਾਰ ਦੇ ਜਾਂਚ ਵਿੰਗ ਵੱਲੋਂ ਕੀਤੀ ਜਾਂਚ ਅਤੇ ਪੁਲਸ ਦੀ ਜਾਂਚ ਵਿੱਚ ਬਹੁਤ ਵੱਡਾ ਅੰਤਰ ਹੁੰਦਾ ਹੈ। ਜ਼ਿਲਾ ਵਾਰ ਲੇਖੇ ਜੋਖੋ ਮੁਤਾਬਕ ਸਭ ਤੋਂ ਵੱਧ 1442 ਸ਼ਿਕਾਇਤਾਂ ਲੁਧਿਆਣਾ ਅਤੇ ਉਸ ਪਿੱਛੋਂ 1393 ਸ਼ਿਕਾਇਤਾਂ ਅੰਮ੍ਰਿਤਸਰ, ਤਰਨ ਤਾਰਨ ਵਿੱਚ 709 ਅਤੇ ਬਠਿੰਡਾ ਤੋਂ 674 ਸ਼ਿਕਾਇਤਾਂ ਆਈਆਂ ਸਨ।

# ਹਾਈ ਕੋਰਟ ਦੇ ਆਦੇਸ਼ ਪਿੱਛੋਂ ਕਿਸਾਨਾਂ ਦਾ ਧਰਨਾ ਖ਼ਤਮ

ਜੰਡਿਆਲਾ ਗੁਰੂ, 6 ਮਾਰਚ (ਪੋਸਟ ਬਿਊਰੋ)- ਅੰਮ੍ਰਿਤਸਰ ਜ਼ਿਲੇ ਵਿੱਚ ਜੰਡਿਆਲਾ ਗੁਰੂ ਕੋਲ ਪਿੰਡ ਦੇਵੀਦਾਸਪੁਰਾ ਵਿੱਚ ਸੋਮਵਾਰ ਦੁਪਹਿਰ ਤੋਂ ਅੰਮ੍ਰਿਤਸਰ-ਦਿੱਲੀ ਰੇਲ ਰੂਟ ਉੱਤੇ ਕਿਸਾਨਾਂ ਦਾ ਧਰਨਾ ਅੱਜ ਹਾਈ ਕੋਰਟ ਦੇ ਦਖਲ ਪਿੱਛੋਂ ਖ਼ਤਮ ਹੋ ਗਿਆ ਹੈ ਅਤੇ ਅੰਮ੍ਰਿਤਸਰ-ਦਿੱਲੀ ਰੂਟ ਉੱਤੇ ਗੱਡੀਆਂ ਦੀ ਆਵਾਜਾਈ ਸ਼ੁਰੂ ਹੋ ਗਈ ਹੈ।

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂਆਂ ਸਤਨਾਮ ਸਿੰਘ ਪੰਨੂੰ ਅਤੇ ਹੋਰਨਾਂ ਨੇ ਦੱਸਿਆ ਕਿ ਜਥੇਬੰਦੀ ਦਾ ਮੋਰਚਾ ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਉੱਤੇ 19 ਮਾਰਚ ਤਕ ਮੁਲਤਵੀ ਕੀਤਾ ਗਿਆ ਹੈ। ਹਾਈ ਕੋਰਟ ਵਿੱਚ ਕੇਂਦਰ ਤੇ ਪੰਜਾਬ ਸਰਕਾਰ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਤੀਨਿਧਾਂ ਦੀ ਗੱਲਬਾਤ ਹੋਈ ਕਿ ਜੇ 19 ਮਾਰਚ ਤਕ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀਆਂ ਮੰਗਾਂ ਨਾ ਮੰਨੀਆਂ ਤਾਂ 29 ਮਾਰਚ ਨੂੰ ਮੰਤਰੀਆਂ, ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਅਤੇ ਰੇਲਾਂ ਦਾ ਘਿਰਾਓ ਕੀਤਾ ਜਾਵੇਗਾ। ਇਸ ਧਰਨੇ ਦਾ ਕੇਸ ਮੰਗਲਵਾਰ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਜਾ ਪੁੱਜਾ ਸੀ, ਜਿੱਥੇ ਚੀਫ ਜਸਟਿਸ ਕ੍ਰਿਸ਼ਨ ਮੁਰਾਰੀ ਤੇ ਜਸਟਿਸ ਅਰੁਣ ਪੱਲੀ ਦੀ ਅਗਵਾਈ ਵਾਲੇ ਬੈਂਚ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਸਤਨਾਮ ਸਿੰਘ ਪੰਨੂੰ ਅਤੇ ਦੋ ਹੋਰ ਸੀਨੀਅਰ ਕਿਸਾਨ ਆਗੂਆਂ ਨੂੰ ਬੁੱਧਵਾਰ ਸਵੇਰੇ ਅਦਾਲਤ ਵਿਚ ਸੱਦੇ ਸਨ। ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਜਿੰਨਾ ਚਿਰ ਸਰਕਾਰ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨਦੀ, ਓਨਾ ਚਿਰ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ 5 ਮਾਰਚ ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ, ਆਈ ਜੀ, ਐੱਸ ਐੱਸ ਪੀ ਆਦਿ ਰੇਲ ਟਰੈਕ ਉੱਤੇ ਪੁੱਜੇ ਤੇ ਕਮੇਟੀ ਨਾਲ ਗੱਲਬਾਤ ਕੀਤੀ ਸੀ, ਪਰ ਮਸਲਾ ਕਿਸੇ ਪਾਸੇ ਨਹੀਂ ਲੱਗਾ। ਅੱਜ ਸਰਕਾਰ ਤੇ ਅਦਾਲਤ ਨੇ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਦੀਆਂ ਮੰਗਾਂ ਉੱਤੇ ਜਲਦੀ ਵਿਚਾਰ ਕੀਤੀ ਜਾਵੇਗੀ।

# ਦਸ ਰਿਸ਼ਤੇਦਾਰਾਂ ਦੇ ਕਾਤਲ ਦੀ ਫਾਂਸੀ ਦੀ ਸਜ਼ਾ ਸੁਪਰੀਮ ਕੋਰਟ ਨੇ ਵੀ ਕਾਇਮ ਰੱਖੀ

ਫਤਹਿਗੜ੍ਹ ਸਾਹਿਬ, 6 ਮਾਰਚ (ਪੋਸਟ ਬਿਊਰੋ)- ਜ਼ਿਲਾ ਫਤਹਿਗੜ੍ਹ ਸਾਹਿਬ ਦੇ ਪਿੰਡ ਸੁਹਾਵੀ ਦੇ ਇਕ ਵਿਅਕਤੀ ਨੂੰ ਹੇਠਲੀਆਂ ਅਦਾਲਤਾਂ ਵੱਲੋਂ ਸੁਣਾਈ ਫਾਂਸੀ ਦੀ ਸਜ਼ਾ ਨੂੰ ਸੁਪਰੀਮ ਕੋਰਟ ਨੇ ਕਾਇਮ ਰੱਖਿਆ ਹੈ। ਦੋਸ਼ੀ ਖੁਸ਼ਵਿੰਦਰ ਸਿੰਘ (45) ਉੱਤੇ ਦੋ ਪਰਵਾਰਾਂ ਦੇ 10 ਮੈਂਬਰਾਂ ਨੂੰ ਕਤਲ ਕਰਨ ਦੇ ਦੋਸ਼ ਹਨ। ਇਹ ਕਤਲ ਲਾਲਚ ਵਿੱਚ ਆ ਕੇ ਕੀਤੇ ਦੱਸੇ ਜਾ ਰਹੇ ਹਨ। ਅਦਾਲਤ ਦੇ ਅਨੁਸਾਰ ਭਿਆਨਕ ਅਪਰਾਧ ਲਈ ਮੁਆਫੀ ਦੀ ਕੋਈ ਗੁੰਜਾਇਸ਼ ਨਹੀਂ ਹੈ। ਮਿਲੀ ਜਾਣਕਾਰੀ ਅਨੁਸਾਰ ਪਹਿਲਾਂ ਸੀ ਬੀ ਆਈ ਕੋਰਟ ਨੇ ਖੁਸ਼ਵਿੰਦਰ ਸਿੰਘ ਨੂੰ 28 ਅਗਸਤ 2018 ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ। ਫਿਰ ਹਾਈ ਕੋਰਟ ਨੇ ਇਸ ਸਜ਼ਾ ਨੂੰ ਕਾਇਮ ਰੱਖਿਆ ਸੀ। ਪੁਲਸ ਦੇ ਦੱਸਣ ਅਨੁਸਾਰ ਖੁਸ਼ਵਿੰਦਰ ਦੀ ਪਤਨੀ ਦੇ ਰਿਸ਼ਤੇਦਾਰ ਕੁਲਵੰਤ ਸਿੰਘ ਦੀ ਜ਼ਮੀਨ 12 ਲੱਖ ਵਿੱਚ ਵਿਕੀ ਸੀ। ਖੁਸ਼ਵਿੰਦਰ ਨੇ ਇਹ ਪੈਸੇ ਹੜੱਪਣ ਲਈ ਪਰਵਾਰ ਨੂੰ ਵਿਸ਼ਵਾਸ ਵਿੱਚ ਲੈ ਕੇ ਖਵਾਜਾ ਪੀਰ ਦੀ ਪੂਜਾ ਕਰਨ ਅਤੇ ਪੈਸੇ ਦੁੱਗਣੇ ਹੋ ਜਾਣ ਦਾ ਝਾਂਸਾ ਦਿੱਤਾ। ਤਿੰਨ ਜੂਨ ਦੀ ਅੱਧੀ ਰਾਤ ਖੁਸ਼ਵਿੰਦਰ ਨੇ ਕੁਲਵੰਤ ਸਿੰਘ, ਉਸ ਦੀ ਪਤਨੀ ਹਰਜੀਤ ਕੌਰ, ਬੇਟੀ ਰਮਨਦੀਪ ਰੌਰ ਤੇ ਬੇਟੇ ਅਰਵਿੰਦਰ ਸਿੰਘ ਨੂੰ ਨਹਿਰ ਕੰਢੇ ਲਾਈਨ ਵਿੱਚ ਬਿਠਾ ਲਿਆ ਤੇ ਫਿਰ ਉਨ੍ਹਾਂ ਨੂੰ ਧੱਕਾ ਦੇ ਦਿੱਤਾ ਸੀ। 9 ਜੂਨ ਨੂੰ ਕੁਲਵੰਤ ਸਿੰਘ ਅਤੇ ਰਮਨਦੀਪ ਕੌਰ ਦੀਆਂ ਲਾਸ਼ਾਂ ਮਿਲ ਗਈਆਂ, ਪਰ ਉਸ ਦੀ ਪਤਨੀ ਤੇ ਬੇਟੇ ਦੀਆਂ ਲਾਸ਼ਾਂ ਨਹੀਂ ਮਿਲੀਆਂ। ਕੁਲਵੰਤ ਸਿੰਘ ਦੇ ਸਾਲੇ ਕੁਲਤਾਰ ਸਿੰਘ ਪਿੰਡ ਪੋਲੋ ਮਾਜਰਾ ਦੇ ਬਿਆਨਾਂ ਉੱਤੇ ਥਾਣਾ ਬਸੀ ਪਠਾਣਾ ਵਿੱਚ ਕੇਸ ਦਰਜ ਕੀਤਾ ਗਿਆ ਸੀ, ਜਿਸ ਵਿੱਚ ਪੁਲਸ ਨੇ ਨੌਗਾਵਾਂ ਵਾਸੀ ਜਸਪਾਲ ਸਿੰਘ, ਸੰਦੀਪ ਸਿੰਘ ਅਤੇ ਅਮਰ ਸਿੰਘ ਨੂੰ ਨਾਮਜ਼ਦ ਕੀਤਾ ਸੀ। ਸੀ ਬੀ ਆਈ ਦੀ ਜਾਂਚ ਵਿੱਚ ਦੋਸ਼ੀ ਬੇਗੁਨਾਹ ਸਾਬਤ ਹੋਏ ਸਨ। ਪੁਲਸ ਦੇ ਦੱਸਣ ਅਨੁਸਾਰ ਦੋਸ਼ੀ ਨੇ 2012 ਵਿੱਚ ਫਿਰ ਏਦਾਂ ਦੀ ਇਕ ਹੋਰ ਵਾਰਦਾਤ ਕਰ ਦਿੱਤੀ ਅਤੇ ਆਪਣੀ ਪਤਨੀ ਦੇ ਰਿਸ਼ਤੇਦਾਰ ਗੁਰਮੇਲ ਸਿੰਘ ਅਤੇ ਉਸ ਦੇ ਪੂਰੇ ਪਰਿਵਾਰ ਦਾ ਕਤਲ ਕਰ ਦਿੱਤਾ ਸੀ। ਇਸ ਵਾਰਦ-'ਤ ਵਿੱਚ ਜੈਸਮੀਨ ਨਾਂ ਦੀ ਮਹਿਲਾ ਬਚ ਗਈ, ਜਿਸ ਨੇ ਮੁਲਜ਼ਮ ਦੇ ਕਾਰੇ ਦਾ ਭਾਂਡਾ ਭੰਨਿਆ ਅਤੇ ਖੁਸ਼ਵਿੰਦਰ ਪੁਲਸ ਦੇ ਅੜਿੱਕੇ ਆ ਗਿਆ ਸੀ। ਓਦੋਂ ਪੁਲਸ ਨੇ ਖੁਸ਼ਵਿੰਦਰ ਦੇ ਖਿਲਾਫ ਕੇਸ ਦਰਜ ਕੀਤਾ ਤਾਂ ਖੁਸ਼ਵਿੰਦਰ ਨੇ ਪੁਲਸ ਕੋਲ ਮੰਨਿਆ ਕਿ 2004 ਵਿੱਚ ਹੋਈ ਵਾਰਦਾਤ ਵੀ ਉਸੇ ਨੇ ਕੀਤੀ ਸੀ।

# ਦੋਧੀ ਨੂੰ ਅਣਪਛਾਤੇ ਲੋਕਾਂ ਨੇ ਗੋਲੀ ਮਾਰ ਕੇ ਮਾਰਿਆ

ਊਧਨਵਾਲ, 6 ਮਾਰਚ (ਪੋਸਟ ਬਿਊਰੋ)- ਕੱਲ੍ਹ ਰਾਤ ਤਿੰਨ ਅਣਪਛਾਤੇ ਬੰਦਿਆਂ ਨੇ ਦੋਧੀ ਨੂੰ ਗੋਲੀਆਂ ਮਾਰ ਦਿੱਤੀਆਂ, ਜਿਸ ਦੀ ਇਲਾਜ ਦੌਰਾਨ ਮੌਤ ਹੋ ਗਈ। ਇਹ ਘਟਨਾ ਥਾਣਾ ਘੁਮਾਣ ਦੇ ਪਿੰਡ ਮੱਧਰੇ ਵਿੱਚ ਹੋਈ ਹੈ।

ਪਤਾ ਲੱਗਾ ਹੈ ਕਿ ਦੋਧੀ ਸਰਬਜੀਤ ਸਿੰਘ ਪੁੱਤਰ ਹਰਭਜਨ ਸਿੰਘ ਪਿੰਡ ਮੱਧਰੇ ਨੂੰ ਰਾਤ ਵੇਲੇ ਤਿੰਨ ਅਣਪਛਾਤੇ ਬੰਦਿਆਂ ਨੇ ਗੋਲੀਆਂ ਮਾਰ ਕੇ ਗੰਭੀਰ ਜ਼ਖਮੀ ਕਰ ਦਿੱਤਾ ਸੀ। ਉਸ ਨੂੰ ਉਸ ਦੇ ਪਰਵਾਰਕ ਮੈਂਬਰ ਸਿਵਲ ਹਸਪਤਾਲ ਬਟਾਲਾ ਲੈ ਗਏ, ਜਿਥੋਂ ਡਾਕਟਰਾਂ ਨੇ ਉਸ ਦੀ ਹਾਲਤ ਗੰਭੀਰ ਦੇਖ ਕੇ ਅੰਮ੍ਰਿਤਸਰ ਰੈਫਰ ਕਰ ਦਿੱਤਾ। ਰਾਤ ਦੇ ਡੇਢ ਵਜੇ ਸਰਬਜੀਤ ਨੇ ਅੰਮ੍ਰਿਤਸਰ ਦੇ ਨਿੱਜੀ ਹਸਪਤਾਲ 'ਚ ਦਮ ਤੋੜ ਦਿੱਤਾ। ਪੁਲਸ ਨੇ ਮ੍ਰਿਤਕ ਦੀ ਪਤਨੀ ਹਰਜੀਤ ਕੌਰ ਦੇ ਬਿਆਨਾਂ 'ਤੇ ਤਿੰਨ ਅਣਪਛਾਤੇ ਲੋਕਾਂ ਦੇ ਖਿਲਾਫ ਕਤਲ ਦਾ ਕੇਸ ਦਰਜ ਕਰ ਲਿਆ। ਇਸੇ ਦੌਰਾਨ ਐਸ ਐਸ ਪੀ ਬਟਾਲਾ ਉਪਿੰਦਰਜੀਤ ਸਿੰਘ ਘੁੰਮਣ, ਡੀ ਐਸ ਪੀ (ਡੀ) ਪਰਵਿੰਦਰ ਕੌਰ ਤੇ ਥਾਣਾ ਘੁਮਾਣ ਦੇ ਐਸ ਐਚ ਓ ਹਰਜੀਤ ਸਿੰਘ ਵੀ ਪੁਲਸ ਪਾਰਟੀ ਨਾਲ ਘਟਨਾ ਵਾਲੀ ਥਾਂ 'ਤੇ ਪੁੱਜੇ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਸਰਬਜੀਤ ਸਿੰਘ ਨੂੰ ਅਣਪਛਾਤੇ ਬੰਦਿਆਂ ਨੇ ਤਿੰਨ ਗੋਲੀਆਂ ਮਾਰੀਆਂ, ਜਿਨ੍ਹਾਂ ਵਿੱਚੋਂ ਇਕ ਉਸ ਦੇ ਮੱਥੇ, ਦੂਜੇ ਢਿੱਡ ਅਤੇ ਤੀਜੀ ਲੱਤ ਵਿੱਚ ਵੱਜੀ। ਪੁਲਸ ਕਤਲ ਦੇ ਅਸਲ ਕਾਰਨਾਂ ਬਾਰੇ ਨਹੀਂ ਦੱਸ ਰਹੀ, ਪਰ ਮ੍ਰਿਤਕ ਦੇ ਪਰਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਹੈ।

We Provide services:
• Corporation Registration
• Corporation Tax Returns
• Personal Tax Retruns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741



A/Z Drivers Needed/ਡਰਾਈਵਰਾਂ ਦੀ ਲੋੜ
➡ Team Drivers Needed Immediately
➡ Dedicated AutoPart Runs To Texas, Missouri, Kansas
➡ Permanent Schedule for whole year
➡ Always Go to same Shippers No Waiting at All
➡ Highest Pay Rate Package Plus HST
➡ New Model Volvo Trucks
➡ Paid Every Week On Friday
➡ 20,000 to 24,00 Miles in a Month
➡ Always Home At Weekends
➡ Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344



www.AREA REALTOR.com
Multi Award Winner Realtor
CENTURY 21 PRESIDENT
KAMAL SANDHU
Sales Representative
647.891.0143
905.488.2100 ext. 407

# ਅੱਤਵਾਦੀ ਟ੍ਰੇਨਿੰਗ ਕੈਂਪ ਤਬਾਹ ਨਾ ਹੋਣ ਦੀ ਚਰਚਾ ਨਾਲ ਭੂਚਾਲੀ ਸਥਿਤੀ

ਨਵੀਂ ਦਿੱਲੀ, 6 ਮਾਰਚ (ਪੋਸਟ ਬਿਊਰੋ)- ਭਾਰਤ ਵਲੋਂ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ 26 ਫਰਵਰੀ ਨੂੰ ਏਅਰ ਸਟ੍ਰਾਈਕ ਕੀਤੀ ਗਈ ਸੀ। ਇਸ ਨੂੰ 8 ਦਿਨ ਬੀਤ ਚੁੱਕੇ ਹਨ ਅਤੇ ਇਸ ਵੇਲੇ ਹੈਰਾਨ ਕਰਨ ਵਾਲੀਆਂ ਤਸਵੀਰਾਂ ਸਾਹਮਣੇ ਆਈਆਂ ਹਨ। ਇਨ੍ਹਾਂ ਸੈਟੇਲਾਈਟ ਤਸਵੀਰਾਂ ਵਿੱਚ ਅੱਤਵਾਦੀ ਜੈਸ਼-ਏ-ਮੁਹੰਮਦ ਦੇ ਮਦਰੱਸੇ ਨਜ਼ਰ ਆ ਰਹੇ ਹਨ, ਜਦ ਕਿ ਭਾਰਤ ਦਾ ਦਾਅਵਾ ਸੀ ਕਿ ਇਹ ਕੈਂਪ ਤੋੜ ਦਿੱਤਾ ਹੈ।

ਸਾਨ ਫਰਾਂਸਿਸਕੋ ਵਿੱਚੋਂ ਇਕ ਨਿਜੀ ਸੈਟੇਲਾਈਟ ਆਪਰੇਟਰ ਨੇ ਏਦਾਂ ਦਾ ਦਾਅਵਾ ਕੀਤਾ ਹੈ ਕਿ 6 ਇਮਾਰਤਾਂ ਨੂੰ ਕੋਈ ਨੁਕਸਾਨ ਨਹੀਂ ਪੁੱਜਾ, ਉਹ ਉਸੇ ਤਰ੍ਹਾਂ ਖੜ੍ਹੀਆਂ ਹਨ। ਭਾਰਤ ਇਹ ਦਾਅਵਾ ਕਰਦਾ ਹੈ ਕਿ ਭਾਰਤੀ ਹਵਾਈ ਫੌਜ ਦੇ ਜਹਾਜ਼ਾਂ ਵਲੋਂ ਕੀਤੀ ਏਅਰ ਸਟ੍ਰਾਈਕ ਵਿੱਚ ਅੱਤਵਾਦੀਆਂ ਦੇ ਟ੍ਰੇਨਿੰਗ ਕੈਂਪ ਤਬਾਹ ਕਰ ਦਿੱਤੇ ਸਨ ਅਤੇ ਵੱਡੀ



ਗਿਣਤੀ ਵਿੱਚ ਅੱਤਵਾਦੀ ਮਾਰੇ ਗਏ ਹਨ। ਪਿਛਲੇ 8 ਦਿਨਾਂ ਤੋਂ ਆ ਰਹੇ ਬਿਆਨਾਂ ਤੋਂ ਬਾਅਦ ਇਨ੍ਹਾਂ ਤਸਵੀਰਾਂ ਨੇ ਹੋਰ ਸ਼ੱਕ ਪੈਦਾ ਕਰ ਦਿੱਤਾ ਹੈ। ਰਾਈਟਰਜ਼ ਦੀ ਰਿਪੋਰਟ ਮੁਤਾਬਕ ਤਸਵੀਰਾਂ ਵਿਚ ਬਾਲਾਕੋਟ ਵਿਚਲੇ ਜੈਸ਼ ਦੇ ਮਦਰੱਸਿਆਂ ਨੂੰ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਹੀਂ ਹੋਇਆ ਤੇ ਉਸ ਦੇ ਆਲੇ-ਦੁਆਲੇ ਦੇ ਰੁੱਖ ਵੀ ਹਰੇ-ਭਰੇ ਨਜ਼ਰ ਆ ਰਹੇ ਹਨ। ਇਸ ਰਿਪੋਰਟ ਮੁਤਾਬਕ ਈ-ਮੇਲ ਦੇ ਰਾਹੀਂ ਇਨ੍ਹਾਂ ਸੈਟੇਲਾਈਟ ਤਸਵੀਰਾਂ ਬਾਰੇ ਭਾਰਤ ਦੇ ਵਿਦੇਸ਼ ਅਤੇ ਰੱਖਿਆ ਮੰਤਰਾਲੇ ਨੂੰ ਸਵਾਲ ਪੁੱਛਿਆ ਗਿਆ ਸੀ, ਪਰ ਦੋਵਾਂ ਦੀ ਕੋਈ ਪ੍ਰਤੀਕਿਰਿਆ ਨਹੀਂ ਆਈ।

# ਸ਼ਹੀਦ ਦੀ ਪਤਨੀ ਨੇ ਏਅਰ ਸਟ੍ਰਾਈਕ ਦੇ ਸਬੂਤ ਮੰਗੇ: 'ਕੁਝ ਤਾਂ ਲਿਆ ਕੇ ਵਿਖਾਓ'

ਮੈਨਪੁਰੀ, 6 ਮਾਰਚ (ਪੋਸਟ ਬਿਊਰੋ)- 14 ਫਰਵਰੀ ਨੂੰ ਜੰਮੂ-ਕਸ਼ਮੀਰ ਦੇ ਪੁਲਵਾਮਾ ਵਿਚ ਹੋਏ ਅੱਤਵਾਦੀ ਹਮਲੇ ਤੋਂ 12 ਦਿਨਾਂ ਪਿੱਛੋਂ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ (ਪੀ ਓ ਕੇ) ਵਿਚ ਅੱਤਵਾਦੀਆਂ ਦੇ ਵਿਰੁੱਧ ਏਅਰ ਸਟ੍ਰਾਈਕ ਕੀਤੀ ਗਈ ਸੀ, ਪਰ ਭਾਰਤੀ ਹਵਾਈ ਫੌਜ ਵਲੋਂ ਕੀਤੀ ਇਸ ਸਟ੍ਰਾਈਕ ਬਾਰੇ ਪੁਲਵਾਮਾ ਵਿੱਚ ਮਾਰੇ ਗਏ ਸ਼ਹੀਦ ਰਾਮ ਵਕੀਲ ਦੀ ਪਤਨੀ ਤੇ ਪਰਿਵਾਰ ਨੇ ਸਵਾਲ ਚੁੱਕੇ ਹਨ। ਸ਼ਹੀਦ ਦੀ ਪਤਨੀ ਗੀਤਾ ਦੇਵੀ ਨੇ ਕਿਹਾ ਕਿ ਅੱਤਵਾਦੀਆਂ ਦੇ ਮਰਨ ਦਾ ਅਜੇ ਤਕ ਕੋਈ ਸਬੂਤ ਨਹੀਂ ਮਿਲਿਆ, ਕੁਝ ਤਾਂ ਲਿਆ ਕੇ ਵਿਖਾਓ, ਲੋਕਾਂ ਨੂੰ ਮਹਿਸੂਸ ਹੋਵੇ ਕਿ ਇਸ ਵਿਚ ਪਾਕਿਸਤਾਨ ਦੇ ਕਿੰਨੇ



ਸ਼ਹੀਦ ਰਾਮਵਕੀਲ ਦੀ ਪਤਨੀ ਸੀਤਾ ਦੇਵੀ ਅਤੇ ਪਰਿਵਾਰ ਵਾਲਿਆਂ ਨੇ ਸਬੂਤ ਮੰਗੇ ਹਨ।

ਲੋਕ ਮਰੇ ਹਨ, ਜਿਵੇਂ ਮੇਰੇ ਪਤੀ ਦੀ ਲਾਸ਼ ਆਈ, ਓਦਾਂ ਦੇ ਸਬੂਤ ਮਿਲਣੇ ਚਾਹੀਦੇ ਹਨ।

ਸ਼ਹੀਦ ਰਾਮਵਕੀਲ ਦੇ ਭਰਾ ਰਾਮਨਰੇਸ਼ ਨੇ ਏਅਰ ਸਟ੍ਰਾਈਕ ਬਾਰੇ ਸਵਾਲ ਕੀਤਾ ਹੈ ਕਿ ਪੀ ਓ ਕੇ ਵਿਚ ਭਾਰਤੀ ਹਵਾਈ ਫੌਜ ਨੇ ਏਅਰ ਸਟ੍ਰਾਈਕ ਕੀਤੀ ਤੇ ਉਸ ਵਿਚ 300 ਅੱਤਵਾਦੀ ਮਾਰੇ ਗਏ ਹਨ ਤਾਂ ਕੇਂਦਰ ਸਰਕਾਰ ਨੂੰ ਉਸ ਦਾ ਸਬੂਤ ਦੇਣਾ ਚਾਹੀਦਾ ਹੈ। ਏਅਰ ਸਟ੍ਰਾਈਕ ਨਾਲ ਕੋਈ ਨੁਕਸਾਨ ਹੋਇਆ ਹੈ, ਇਹ ਗੱਲ ਪਾਕਿਸਤਾਨ ਵੀ ਨਹੀਂ ਮੰਨਦਾ। ਪਾਕਿਸਤਾਨ ਕਹਿੰਦਾ ਹੈ ਕਿ ਉਸ ਦਾ ਕੋਈ ਨੁਕਸਾਨ ਹੀ ਨਹੀਂ ਹੋਇਆ।

ਵਰਨਣ ਯੋਗ ਹੈ ਕਿ ਪੁਲਵਾਮਾ ਹਮਲੇ ਤੋਂ ਬਾਅਦ ਭਾਰਤੀ ਹਵਾਈ ਫੌਜ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਏਅਰ ਸਟ੍ਰਾਈਕ ਕੀਤੀ ਸੀ ਅਤੇ 26 ਫਰਵਰੀ ਨੂੰ ਤੜਕੇ 3.30 ਵਜੇ ਦੇ ਕਰੀਬ ਪਾਕਿਸਤਾਨ ਦੇ ਬਾਲਾਕੋਟ ਅਤੇ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿਚ ਹਵਾਈ ਫੌਜ ਨੇ 12 ਮਿਰਾਜ-2000 ਜਹਾਜ਼ਾਂ ਨਾਲ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਦੇ ਟਿਕਾਣਿਆਂ ਉੱਤੇ ਬੰਬ ਸੁੱਟ ਕੇ ਉਸ ਨੂੰ ਤਬਾਹ ਕਰ ਦਿੱਤਾ ਸੀ।

# ਰਾਮ ਰਹੀਮ ਦੀ ਜ਼ਮਾਨਤ ਰੱਦ ਕਰਵਾਉਣ ਲਈ ਸੀ ਬੀ ਆਈ ਹਾਈ ਕੋਰਟ ਪਹੁੰਚੀ




ਚੰਡੀਗੜ੍ਹ, 6 ਮਾਰਚ (ਪੋਸਟ ਬਿਊਰੋ)- ਸਿਰਸਾ ਦੇ ਡੇਰਾ ਸੱਚਾ ਸੌਦਾ ਵਿੱਚ ਸਾਧੂਆਂ ਨੂੰ ਨਪੁੰਸਕ ਬਣਾਉਣ ਦੇ ਕੇਸ ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮਿਲੀ ਜ਼ਮਾਨਤ ਰੱਦ ਕਰਵਾਉਣ ਲਈ ਸੀ ਬੀ ਆਈ ਹਾਈ ਕੋਰਟ ਗਈ ਹੈ। ਡੇਰਾ ਮੁਖੀ ਨੂੰ ਇਸ ਕੇਸ ਵਿੱਚ ਪੰਚਕੂਲਾ ਵਿੱਚ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ ਅਕਤੂਬਰ 2018 ਵਿੱਚ ਜ਼ਮਾਨਤ ਦੇ ਦਿੱਤੀ ਸੀ। ਸੀ ਬੀ ਆਈ ਦੀ ਪਟੀਸ਼ਨ ਉੱਤੇ ਜਸਟਿਸ ਦਇਆ ਚੌਧਰੀ ਦੀ ਬੈਂਚ ਨੇ ਗੁਰਮੀਤ ਰਾਮ ਰਹੀਮ ਸਿੰਘ ਨੂੰ 23 ਅਪ੍ਰੈਲ ਦੇ ਲਈ ਨੋਟਿਸ ਜਾਰੀ ਕਰ ਦਿੱਤੇ ਹਨ।

ਬਲਾਤਕਾਰ ਅਤੇ ਕਤਲ ਦੇ ਕੇਸਾਂ ਵਿੱਚ ਪਹਿਲਾਂ ਸੀ ਬੀ ਆਈ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਜਾ ਚੁੱਕੇ ਗੁਰਮੀਤ ਰਾਮ ਰਹੀਮ ਦੀ ਜ਼ਮਾਨਤ ਰੱਦ ਕਰਨ ਦੀ ਮੰਗ ਕਰਦੇ ਹੋਏ ਸੀ ਬੀ ਆਈ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਕਿਹਾ ਹੈ ਕਿ ਰਾਮ ਰਹੀਮ ਦਾ ਅਪਰਾਧਕ ਰਿਕਾਰਡ ਦੇਖਦੇ ਹੋਏ ਸੀ ਬੀ ਆਈ ਅਦਾਲਤ ਨੂੰ ਇਸ ਨੂੰ ਜ਼ਮਾਨਤ ਨਹੀਂ ਦੇਣੀ ਚਾਹੀਦੀ ਸੀ। ਸੀ ਬੀ ਆਈ ਦੇ ਵਕੀਲ ਸੁਮੀਤ ਗੋਇਲ ਨੇ ਹਾਈ ਕੋਰਟ ਨੂੰ ਦੱਸਿਆ ਕਿ ਸੀ ਬੀ ਆਈ ਅਦਾਲਤ ਨੇ ਗੁਰਮੀਤ ਰਾਮ ਰਹੀਮ ਨੂੰ 25 ਅਗਸਤ 2017 ਨੂੰ ਬਲਾਤਕਾਰ ਦੇ ਕੇਸ ਵਿੱਚ ਦੋਸ਼ੀ ਕਰਾਰ ਦਿੱਤਾ ਸੀ। ਇਸ ਦੇ ਬਾਅਦ ਪੰਚਕੂਲਾ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਵਿਗੜ ਗਈ ਸੀ। ਇਸ ਤੋਂ ਸਪੱਸ਼ਟ ਹੈ ਕਿ ਡੇਰਾ ਮੁਖੀ ਦੇ ਫਰਾਰ ਹੋਣ ਦੀ ਸੰਭਾਵਨਾ ਹੈ, ਇਸ ਲਈ ਉਸ ਨੂੰ ਜ਼ਮਾਨਤ ਦੇ ਹੁਕਮ ਰੱਦ ਕੀਤੇ ਜਾਣੇ ਚਾਹੀਦੇ ਹਨ।

ਇਸ ਦੌਰਾਨ ਡੇਰਾ ਸੱਚਾ ਸੌਦਾ ਮੁਖੀ ਦੀ ਕਰੀਬੀ ਹਨੀਪ੍ਰੀਤ ਨੇ ਆਪਣੇ ਵਕੀਲ ਦੇ ਜ਼ਰੀਏ ਅਦਾਲਤ ਵਿੱਚ ਆਪਣੇ ਬੈਂਕ ਖਾਤੇ ਚਾਲੂ ਕਰਨ ਦੇ ਲਈ ਡਿਜੀਟਲ ਦਸਤਖਤ ਦੇਣ ਦੇ ਲਈ ਇਜਾਜ਼ਤ ਲੈਣ ਦੇ ਲਈ ਅਰਜ਼ੀ ਦਾਖਲ ਕੀਤੀ ਹੈ। ਉਸ ਦੇ ਕੇਸਾਂ ਵਿੱਚ ਅਗਲੀ ਸੁਣਵਾਈ 19 ਮਾਰਚ ਨੂੰ ਹੋਵੇਗੀ।

# ਮੋਦੀ ਨੇ 'ਪ੍ਰਧਾਨ ਮੰਤਰੀ ਸ਼੍ਰਮ ਯੋਗੀ ਮਾਨਧਨ ਯੋਜਨਾ' ਦੀ ਸ਼ੁਰੂਆਤ ਵੀ ਕਰ ਦਿੱਤੀ

ਅਹਿਮਦਾਬਾਦ, 6 ਮਾਰਚ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਪ੍ਰਧਾਨ ਮੰਤਰੀ ਸ਼੍ਰਮ ਯੋਗੀ ਮਾਨਧਨ ਯੋਜਨਾ' ਦਾ ਸ਼ੁੱਭ ਆਰੰਭ ਵੀ ਕੱਲ੍ਹ ਕਰ ਦਿਤਾ ਹੈ। ਉਨ੍ਹਾਂ ਨੇ ਇਸ ਯੋਜਨਾ ਨੂੰ ਆਰੰਭ ਕਰਦੇ ਹੋਏ ਕਿਹਾ ਕਿ ਅਸੀਂ ਸਾਰੇ ਇਸ ਇਤਿਹਾਸਕ ਮੌਕੇ ਦੇ ਗਵਾਹ ਹਾਂ।



ਇਸ ਮੌਕੇ ਪ੍ਰਧਾਨ ਮੰਤਰੀ ਨੇ ਵਿਰੋਧੀਆਂ 'ਤੇ ਹਮਲਾ ਕਰਦੇ ਹੋਏ ਕਿਹਾ ਕਿ ਅੱਜ ਵਿਚੋਲਿਆਂ ਦੇ ਹਮਦਰਦ ਪ੍ਰੇਸ਼ਾਨ ਹਨ, ਇਸ ਲਈ ਇਹ ਮੋਦੀ ਹਟਾਓ-ਮੋਦੀ ਹਟਾਓ ਦਾ ਰੌਲਾ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਤੁਹਾਡੇ ਅਸ਼ੀਰਵਾਦ ਸਦਕਾ ਇਹ ਚੌਕੀਦਾਰ ਅੜਿਆ ਹੋਇਆ ਹੈ ਅਤੇ ਆਪਣੇ ਇਰਾਦਿਆਂ 'ਤੇ ਖੜਾ ਹੈ। ਉਹ ਮੋਦੀ ਉੱਤੇ ਸਟ੍ਰਾਈਕ ਕਰਨ 'ਚ ਲੱਗੇ ਹੋਏ ਹਨ ਅਤੇ ਮੋਦੀ ਅੱਤਵਾਦ 'ਤੇ ਸਟ੍ਰਾਈਕ ਕਰਨ 'ਚ ਲੱਗਾ ਹੋਇਆ ਹੈ। ਉਨ੍ਹਾਂ ਕਿਹਾ ਕਿ ਦੇਸ਼ 'ਚ ਤਿੰਨ ਲੱਖ ਤੋਂ ਵੱਧ ਸਰਵਿਸ ਸੈਂਟਰਾਂ 'ਤੇ ਦੋ ਕਰੋੜ ਤੋਂ ਵੱਧ ਲੋਕ ਇਸ ਯੋਜਨਾ ਦਾ ਹਿੱਸਾ ਹਨ। ਇਹ ਰਿਕ-ਾਰਡ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰਮ ਯੋਗੀ ਮਾਨ ਧਨ ਯੋਜਨਾ 42 ਕਰੋੜ ਕਾਮਿਆਂ ਦੀ ਸੇਵਾ 'ਚ ਸਮਰਪਿਤ ਯੋਜਨਾ ਹੈ, ਜੋ ਮਜ਼ਦੂਰ ਭਾਰਤ ਦਾ ਨਿਰਮਾਣ ਕਰ ਰਹੇ ਹਨ। ਮਾਂ ਭਾਰਤੀ ਦੇ ਮਜ਼ਦੂਰਾਂ ਦਾ ਪਸੀਨਾ ਤੇ ਮਾਂ ਭਾਰਤੀ ਦੇ ਮੱਥੇ 'ਤੇ ਤਿਲਕ ਦੇ ਸਮਾਨ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਦੀ ਯੋਜਨਾ ਮੇਰੇ ਲਈ ਭਾਵੁਕ ਪਲ ਹੈ, ਕਿਉਂਕਿ ਮੈਂ ਇਸ ਬਾਰੇ ਨਿੱਜੀ ਤੌਰ 'ਤੇ ਅਨੁਭਵ ਕੀਤਾ ਹੈ ਕਿ ਤੁਹਾਨੂੰ ਕਿੱਦਾਂ ਦੀਆਂ ਸਥਿਤੀਆਂ ਵਿੱਚੋਂ ਲੰਘਣਾ ਪੈਂਦਾ ਹੈ। ਇਨ੍ਹਾਂ ਸਥਿਤੀਆਂ ਨੇ ਹੀ ਪ੍ਰਧਾਨ ਮੰਤਰੀ ਸ਼੍ਰਮ ਯੋਗੀ ਮਾਨ ਧਨ ਯੋਜਨਾ ਲਈ ਸਾਡੀ ਸਰਕਾਰ ਨੂੰ ਪ੍ਰੇਰਿਤ ਕੀਤਾ। ਆਜ਼ਾਦੀ ਤੋਂ ਬਾਅਦ ਇਤਿਹਾਸ ਦੀ ਇਹ ਪਹਿਲੀ ਯੋਜਨਾ ਹੈ, ਜਿਸ ਨੇ ਸਮਾਜ ਦੇ ਇਸ ਵਰਗ ਨੂੰ ਪਹਿਲ ਦਿੱਤੀ ਹੈ। ਇਸ ਯੋਜਨਾ ਹੇਠ ਗੈਰ ਜਥੇਬੰਦ ਖੇਤਰ ਦੇ ਕਾਮਿਆਂ ਨੂੰ 60 ਸਾਲ ਦੀ ਉਮਰ ਤੋਂ ਬਾਅਦ ਹਰ ਮਹੀਨੇ 3000 ਰੁਪਏ ਮਹੀਨਾ ਪੈਨਸ਼ਨ ਮਿਲੇਗੀ। ਯੋਜਨਾ ਬਾਰੇ ਨੋਟੀਫਿਕੇਸ਼ਨ ਪਹਿਲਾਂ ਜਾਰੀ ਕੀਤਾ ਜਾ ਚੁੱਕਾ ਹੈ। ਇਸ ਯੋਜਨਾ ਦੇ ਬਾਰੇ 'ਚ ਇਕ ਫਰਵਰੀ ਨੂੰ ਵਿੱਤ ਮੰਤਰੀ ਪਿਊਸ਼ ਗੋਇਲ ਨੇ ਅੰਤ੍ਰਿਮ ਬਜਟ ਪੇਸ਼ ਕਰਦੇ ਹੋਏ ਐਲਾਨ ਕੀਤਾ ਸੀ। ਇਸ ਯੋਜਨਾ ਨਾਲ ਜੁੜਨ ਲਈ ਦੇਸ਼ ਭਰ 'ਚ ਕੁੱਲ 3.13 ਲੱਖ ਸਾਂਝੇ ਸੇਵਾ ਕੇਂਦਰ ਬਣਾਏ ਗਏ ਹਨ। 15 ਫਰਵਰੀ ਤੋਂ ਯੋਜਨਾ ਲਈ ਰਜਿਸਟਰੇਸ਼ਨ ਸ਼ੁਰੂ ਹੋ ਚੁੱਕੀ ਹੈ। ਯੋਜਨਾ ਨੂੰ ਅੰਤਿਮ ਰੂਪ ਦੇਣ ਦੀ ਜ਼ਿੰਮੇਵਾਰੀ ਭਾਰਤੀ ਜੀਵਨ ਬੀਮਾ ਨਿਗਮ ਨੂੰ ਮਿਲੀ ਹੈ।

# ਜਦੋਂ ਇੱਕ ਕੁੜੀ ਨੇ ਮੰਤਰੀ ਨੂੰ ਕਤਾਰ ਵਿੱਚ ਲੱਗਣ ਲਈ ਕਿਹਾ

ਬੰਗਲੌਰ, 6 ਮਾਰਚ (ਪੋਸਟ ਬਿਊਰੋ)- ਕਰਨਾਟਕ ਦੇ ਵਿਜੇਪੁਰਾ ਵਿੱਚ ਸ਼ਿਵ ਮੰਦਰ ਵਿੱਚ ਦਰਸ਼ਨ ਕਰਨ ਗਏ ਸੂਬੇ ਦੇ ਗ੍ਰਹਿ ਮੰਤਰੀ ਐੱਮ ਵੀ ਪਾਟਿਲ ਨੂੰ ਓਦੋਂ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ, ਜਦੋਂ ਇੱਕ ਕੁੜੀ ਨੇ ਉਨ੍ਹਾਂ ਨੂੰ ਕਤਾਰ ਵਿੱਚ ਲੱਗਣ ਲਈ ਕਹਿ ਦਿਤਾ। ਮੰਤਰੀ ਨੂੰ ਮੰਦਿਰ ਵਿੱਚ ਦਰਸ਼ਨ ਲਈ ਵੀ ਵੀ ਆਈ ਪੀ ਪਹੁੰਚ ਦਿੱਤੀ ਗਈ ਸੀ, ਜਿਸ ਕਾਰਨ ਮੰਦਰ ਦੇ ਬਾਹਰ ਕਈ ਘੰਟਿਆਂ ਤੋਂ ਖੜ੍ਹੇ ਸ਼ਰਧਾਲੂਆਂ ਨੂੰ ਮੁਸ਼ਕਲ ਪੇਸ਼ ਆਈ ਸੀ। ਇਸ ਮੌਕੇ ਕਤਾਰ ਵਿੱਚ ਖੜ੍ਹੀ ਇੱਕ ਮੁਟਿਆਰ ਨੇ ਮੰਤਰੀ ਨੂੰ ਕਿਹਾ ਕਿ ਤੁਹਾਨੂੰ ਕਤਾਰ ਵਿੱਚ ਲੱਗਣਾ ਚਾਹੀਦਾ ਸੀ, ਇਥੇ ਸ਼ਰਧਾਲੂ ਇੱਕ ਘੰਟੇ ਤੋਂ ਖੜ੍ਹੇ ਹਨ, ਤੁਸੀਂ ਮੰਤਰੀ ਹੋ ਸਕਦੇ ਹੋ, ਪਰ ਤੁਹਾਨੂੰ ਸਾਡੇ ਵਰਗੇ ਹੋਰਨਾਂ ਸ਼ਰਧਾਲੂਆਂ ਵਾਂਗ ਹੀ ਕਤਾਰ ਵਿੱਚ ਖੜ੍ਹੇ ਹੋਣਾ ਚਾਹੀਦਾ ਹੈ। ਮੁਟਿਆਰ ਦਾ ਵਿਰੋਧ ਸੁਣਦਿਆਂ ਸਾਰ ਪਾਟਿਲ ਨੇ ਉਸ ਕੋਲੋਂ ਮੁਆਫੀ ਮੰਗੀ ਤੇ ਜਲਦੀ ਦਰਸ਼ਨ ਕਰਨ ਦੀ ਆਪਣੀ ਕੋਈ ਮਜਬੂਰੀ ਦੱਸੀ। ਇਸ ਤੋਂ ਬਾਅਦ ਮੰਤਰੀ ਨੇ ਉਸ ਮੁਟਿਆਰ ਨਾਲ ਹੱਥ ਮਿਲਾਇਆ ਅਤੇ ਤਸਵੀਰ ਵੀ ਖਿਚਵਾਈ।

# ਵੋਟਿੰਗ ਦੇ ਦਿਨ ਵੀ ਅਖਬਾਰਾਂ 'ਚ ਚੋਣ ਇਸ਼ਤਿਹਾਰਾਂ 'ਤੇ ਰੋਕ ਨਹੀਂ ਲਾਈ ਜਾਵੇਗੀ



ਨਵੀਂ ਦਿੱਲੀ, 6 ਮਾਰਚ (ਪੋਸਟ ਬਿਊਰੋ)- ਕਾਨੂੰਨ ਮੰਤਰਾਲੇ ਦੀ ਸੁਸਤੀ ਜਾਂ ਜਾਣਬੁੱਝ ਕੇ ਕੀਤੀ ਦੇਰੀ ਹੋਣ ਕਾਰਨ ਆਉਂਦੀਆਂ ਲੋਕ ਸਭਾ ਚੋਣਾਂ 'ਚ ਸਿਆਸੀ ਪਾਰਟੀਆਂ ਨੂੰ ਵੱਡੀ ਰਾਹਤ ਮਿਲ ਗਈ ਹੈ। ਚੋਣ ਕਮਿਸ਼ਨ ਚਾਹ ਕੇ ਵੀ ਵੋਟਿੰਗ ਵਾਲੇ ਦਿਨ ਅਖਬਾਰਾਂ 'ਚ ਇਸ਼ਤਿਹਾਰ ਦੇਣ ਤੋਂ ਸਿਆਸੀ ਪਾਰਟੀਆਂ ਨੂੰ ਨਹੀਂ ਰੋਕ ਸਕੇਗਾ। ਉਸ ਦਿਨ ਚੋਣ ਇਸ਼ਤਿਹਾਰਾਂ 'ਤੇ ਰੋਕ ਲਗਾਉਣ ਸਬੰਧੀ ਚੋਣ ਕਮਿਸ਼ਨ ਦੀ ਤਜਵੀਜ਼ ਕਾਨੂੰਨ ਮੰਤਰਾਲੇ ਕੋਲ ਪੈਂਡਿੰਗ ਪਈ ਹੈ।

ਵੋਟਿੰਗ ਦੇ ਦਿਨ ਅਖਬਾਰਾਂ 'ਚ ਚੋਣ ਇਸ਼ਤਿਹਾਰਾਂ 'ਤੇ ਰੋਕ ਲਈ ਲੋਕ ਨੁਮਾਇੰਦਗੀ ਕਾਨੂੰਨ 'ਚ ਬਦਲਾਅ ਦੀ ਲੋੜ ਹੈ। ਇਹ ਇਸ ਵਕਤ ਲੋਕ ਸਭਾ ਵਿੱਚ ਸੰਭਵ ਨਹੀਂ, ਕਿਉਂਕਿ ਇਸ ਦਾ ਸਮਾਂ ਤਿੰਨ ਜੂਨ ਨੂੰ ਖਤਮ ਹੋ ਜਾਵੇਗਾ। ਇਸ ਅਪ੍ਰੈਲ ਮਈ 'ਚ ਆਮ ਚੋਣਾਂ ਤੋਂ ਬਾਅਦ ਬਣਨ ਵਾਲੀ ਅ17ਵੀਂ ਲੋਕ ਸਭਾ 'ਚ ਹੀ ਇਸ 'ਤੇ ਕੁਝ ਫੈਸਲਾ ਹੋਵੇਗਾ। ਇਸ ਦੇ ਸੰਬੰਧ ਵਿੱਚ ਇਕ ਸੀਨੀਅਰ ਸਰਕਾਰੀ ਅਧਿਕਾਰੀ ਨੇ ਕਿਹਾ ਕਿ ਬਜਟ ਸੈਸ਼ਨ ਦੀ ਮਿਆਦ ਘੱਟ ਹੋਣ ਤੇ ਆਮ ਸਹਿਮਤੀ ਦੀ ਘਾਟ 'ਚ ਕਾਨੂੰਨ ਮੰਤਰਾਲੇ ਨੇ ਲੋਕ ਨੁਮਾਇੰਦਗੀ ਕਾਨੂੰਨ 'ਚ ਸੋਧ ਸਬੰਧੀ ਤਜਵੀਜ਼ ਕੈਬਨਿਟ ਦੇ ਸਾਹ-ਮਣੇ ਪੇਸ਼ ਨਹੀਂ ਕੀਤੀ। ਮੀਡੀਆ 'ਚ ਵੋਟਿੰਗ ਤੋਂ 48 ਘੰਟੇ ਪਹਿਲਾਂ ਚੋਣ ਪ੍ਰਚਾਰ ਤੇ ਵੋਟਿੰਗ ਦੇ ਦਿਨ ਅਖਬਾਰਾਂ 'ਚ ਚੋਣ ਇਸ਼ਤਿਹਾਰ 'ਤੇ ਰੋਕ ਲਈ ਇਕ ਕਮੇਟੀ ਨੂੰ ਕਾਨੂੰਨ 'ਚ ਬਦਲਾਅ ਦਾ ਖਰੜਾ ਤਿਆਰ ਕੀਤਾ ਗਿਆ ਸੀ। ਕਮੇਟੀ ਨੇ ਪ੍ਰਿੰਟ ਮੀਡੀਆ ਨੂੰ ਵੀ ਲੋਕ ਨੁਮਾਇੰਦਾ ਕਾਨੂੰਨ 1951 ਦੀ ਧਾਰਾ 126 ਤਹਿਤ ਲਿਆਉਣ ਦੀ ਸਿਫਾਰਸ਼ ਕੀਤੀ ਹੈ। ਇਸ ਸਿਫਾਰਸ਼ 'ਤੇ ਰੋਕ ਲੱਗ ਜਾਵੇਗੀ। ਅਜੇ ਸਿਰਫ ਇਲੈਕਟ੍ਰਾਨਿਕ ਮੀਡੀਆ 'ਚ ਚੋਣਾਂ ਤੋਂ 48 ਘੰਟੇ ਪਹਿਲਾਂ ਚੋਣ ਪ੍ਰਚਾਰ 'ਤੇ ਰੋਕ ਹੈ।

# ਸਰਹੱਦੀ ਤਣਾਅ ਕਾਰਨ ਮਹਿੰਦਰ ਤੇ ਪਾਕਿਸਤਾਨ ਦੀ ਛਗਨ ਦੀ ਸ਼ਾਦੀ ਟਲੀ

ਬਾੜਮੇਰ, 6 ਮਾਰਚ (ਪੋਸਟ ਬਿਊਰੋ)- ਪੁਲਵਾਮਾ ਅੱਤਵਾਦੀ ਹਮਲੇ ਦੇ ਬਾਅਦ ਭਾਰਤ-ਪਾਕਿ ਦੇ ਤਣਾਅ ਕਾਰਨ ਇਥੇ ਹੋਣ ਵਾਲੀ ਇਕ ਸ਼ਾਦੀ ਟਲ ਗਈ ਹੈ। ਬਾੜਮੇਰ ਦੇ ਮਹਿੰਦਰ (23) ਤੇ ਸਿੰਧ (ਪਾਕਿਸਤਾਨ) ਦੀ ਛਗਨ ਕੰਵਰ ਦੀ ਸ਼ਾਦੀ ਤੈਅ ਪ੍ਰੋਗਰਾਮ 'ਤੇ ਨਹੀਂ ਹੋਵੇਗੀ। ਇਹ ਸ਼ਾਦੀ ਫਿਲਹਾਲ ਟਾਲ ਦਿੱਤੀ ਗਈ ਹੈ।

ਬਾੜਮੇਰ ਦੇ ਪਿੰਡ ਖੇਜੜ ਕਾ ਪਾਰ ਦੇ ਮਹਿੰਦਰ ਸਿੰਘ ਦੀ ਸ਼ਾਦੀ ਦੀਆਂ ਤਿਆਰੀਆਂ ਪਿਛਲੇ ਇਕ ਮਹੀਨੇ ਤੋਂ ਚੱਲ ਰਹੀਆਂ ਸਨ। ਰਸਮ ਅਦਾਇਗੀ ਦੇ ਨਾਲ ਅੱਠ ਮਾਰਚ ਦੀ ਸ਼ਾਦੀ ਲਈ ਬਰਾਤੀਆਂ ਨੂੰ ਸ਼ਾਦੀ ਦੇ ਕਾਰਡ ਵੀ ਵੰਡੇ ਜਾ ਚੁੱਕੇ ਸਨ। ਇਹੀ ਨਹੀਂ, ਬਾਰਾਤੀ ਦੇ ਰੂਪ ਵਿੱਚ ਪਾਕਿ ਜਾਣ ਵਾਲਿਆਂ ਦਾ ਵੀਜ਼ਾ ਅਤੇ ਥਾਰ ਐਕਸਪ੍ਰੈਸ ਵਿੱਚ ਟਿਕਟ ਬੁੱਕ ਹੋ ਚੁੱਕੇ ਸਨ। ਦੋ ਮਾਰਚ ਨੂੰ ਥਾਰ ਐਕਸਪ੍ਰੈਸ ਉੱਤੇ ਬਰਾਤ ਦਾ ਰਵਾਨਾ ਹੋਣਾ ਤੈਅ ਸੀ, ਪਰ ਸਾਰੇ ਪ੍ਰੋਗਰਾਮ ਰੱਦ ਕਰ ਦਿੱਤੇ ਗਏ।



ਮਹਿੰਦਰ ਨੇ ਦੱਸਿਆ ਕਿ ਦੋਵਾਂ ਦੇਸ਼ਾਂ ਵਿਚਾਲੇ ਪੈਦਾ ਹੋਏ ਹਾਲਾਤ ਨੂੰ ਦੇਖ ਕੇ ਪਰਵਾਰ ਨੇ ਸ਼ਾਦੀ ਨੂੰ ਟਾਲਣਾ ਉਚਿਤ ਸਮਝਿਆ ਹੈ। ਮਿਲੀ ਜਾਣਕਾਰੀ ਮੁਤਾਬਕ ਕਰੀਬ ਤਿੰਨ ਸਾਲ ਪਹਿਲਾਂ ਮਹਿੰਦਰ ਸਿੰਘ ਦੀ ਮੰਗਣੀ ਪਾਕਿਸਤਾਨ ਦੇ ਸਿੰਧ ਪ੍ਰਾਂਤ ਦੇ ਸਿਣੋਈ ਪਿੰਡ ਦੀ ਛਗਨ ਕੰਵਰ ਦੇ ਨਾਲ ਤੈਅ ਹੋਈ ਸੀ। ਰਾਜਸਥਾਨ ਦੇ ਇਸ ਇਲਾਕੇ ਦੇ ਲੋਕਾਂ ਦੇ ਸਰਹੱਦ ਪਾਰ ਪਾਕਿਸਤਾਨ ਵਿੱਚ ਬਹੁਤ ਰਿਸ਼ਤੇ ਹਨ। ਇਥੋਂ ਕਈ ਬੇਟੀਆਂ ਦੇ ਸਹੁਰੇ ਤੇ ਨੂੰਹਆਂ ਦੇ ਪੇਕੇ ਪਾਕਿਸਤਾਨ ਹਨ।

# ਅਖਿਲੇਸ਼-ਮਾਇਆਵਤੀ ਗੱਠਜੋੜ ਵਿੱਚ ਆਰ ਐਲ ਡੀ ਤਿੰਨ ਸੀਟਾਂ ਲੈ ਕੇ ਸ਼ਾਮਲ



ਲਖਨਊ, 6 ਮਾਰਚ (ਪੋਸਟ ਬਿਊਰੋ)- ਸਾਬਕਾ ਕੇਂਦਰੀ ਮੰਤਰੀ ਚੌਧਰੀ ਅਜਿਤ ਸਿੰਘ ਦੀ ਅਗਵਾਈ ਵਾਲੇ ਰਾਸ਼ਟਰੀ ਲੋਕ ਦਲ (ਰਾਲੋਦ) ਵੱਲੋਂ ਕੱਲ੍ਹ ਸਮਾਜਵਾਦੀ ਪਾਰਟੀ-ਬਸਪਾ ਗੱਠਜੋੜ ਨਾਲ ਤਾਲਮੇਲ ਦਾ ਰਸਮੀ ਐਲਾਨ ਕਰ ਦਿੱਤਾ ਗਿਆ। ਇਹ ਪਾਰਟੀ ਲੋਕ ਸਭਾ ਦੀਆਂ ਅਗਲੀਆਂ ਚੋਣਾਂ ਵਿੱਚ ਉੱਤਰ ਪ੍ਰਦੇਸ਼ ਦੀਆਂ ਤਿੰਨ ਸੀਟਾਂ ਮਥੁਰਾ, ਬਾਗਪਤ ਅਤੇ ਮੁਜ਼ੱਫਰਨਗਰ ਤੋਂ ਚੋਣ ਲੜੇਗਾ ਅਤੇ ਭਾਜਪਾ ਵਿਰੁੱਧ ਕੰਮ ਕਰੇਗੀ।

ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਅਤੇ ਰਾਸ਼ਟਰੀ ਲੋਕ ਦਲ ਦੇ ਜਨਰਲ ਸਕੱਤਰ ਜਯੰਤ ਚੌਧਰੀ ਨੇ ਸਾਂਝੀ ਪ੍ਰੈਸ ਕਾਨਫਰੰਸ ਵਿੱਚ ਇਹ ਐਲਾਨ ਕੀਤਾ। ਇਸ ਮੌਕੇ ਅਖਿਲੇਸ਼ ਨੇ ਇਕ ਸਵਾਲ 'ਤੇ ਕਿਹਾ ਕਿ ਕਾਂਗਰਸ ਵੀ ਉਨ੍ਹਾਂ ਦੇ ਗੱਠਜੋੜ ਵਿੱਚ ਸ਼ਾਮਲ ਹੈ। ਇਸ ਦੇ ਤਹਿਤ ਉਸ ਲਈ ਅਮੇਠੀ ਅਤੇ ਰਾਏਬਰੇਲੀ ਸੀਟਾਂ ਛੱਡੀਆਂ ਗਈਆਂ ਹਨ। ਅਖਿਲੇਸ਼ ਨੇ ਕਿਹਾ ਕਿ ਗੱਠਜੋੜ ਦੇ ਸਾਰੇ ਸਾਥੀ ਮਿਲ ਕੇ ਭਾਜਪਾ ਨੂੰ ਹਰਾਉਣਗੇ। ਬਹੁਜਨ ਸਮਾਜ ਪਾਰਟੀ ਇਸ ਵਾਰ 2014 ਵਰਗੀ ਗਲਤੀ ਨਹੀਂ ਦੁਹਰਾਉਣਾ ਚਾਹੁੰਦੀ। ਇਸ ਲਈ ਲੋਕ ਸਭਾ ਉਮੀਦਵਾਰਾਂ ਦੀ ਚੋਣ ਵਿੱਚ ਸੀਟਾਂ ਦੇ ਜਾਤੀ ਸਮੀਕਰਨ ਦਾ ਧਿਆਨ ਰੱਖਿਆ ਗਿਆ ਹੈ। ਸੂਤਰਾਂ ਮੁਤਾਬਕ ਬਸਪਾ ਦੀ ਮੁਖੀ ਮਾਇਆਵਤੀ 9 ਤੋਂ 10 ਸੀਟਾਂ ਦੇ ਲਈ ਬ੍ਰਾਹਮਣ, 10 ਤੋਂ 11 ਲਈ ਐਸ ਸੀ ਐਸ ਟੀ ਅਤੇ 8 ਤੋਂ 9 ਸੀਟਾਂ 'ਤੇ ਮੁਸਲਿਮ ਉਮੀਦਵਾਰ ਉਤਾਰਨ ਵਾਲੀ ਹੈ। ਇਸ ਦੇ ਇਲਾਵਾ ਤਿੰਨ ਤੋਂ ਚਾਰ 'ਤੇ ਰਾਜਪੂਤ, 7 ਤੋਂ 8 'ਤੇ ਓ ਬੀ ਸੀ ਅਤੇ ਪੂਰਵਾਚਲ ਤੋਂ ਇਕ ਤੋਂ ਦੋ ਸੀਟਾਂ 'ਤੇ ਭੂਮੀਹਾਰ ਨੂੰ ਟਿਕਟ ਮਿਲ ਸਕਦਾ ਹੈ। ਪਤਾ ਲੱਗਾ ਹੈ ਕਿ ਬਸਪਾ ਦੀ ਮੁਖੀ ਨੇ ਇਸੇ ਆਧਾਰ 'ਤੇ ਸੀਟ ਵਾਰ ਉਮੀਦਵਾਰਾਂ ਦਾ ਪੈਨਲ ਬਣਾਇਆ ਹੈ। ਉਹ ਸਮਾਜਵਾਦੀ ਪਾਰਟੀ ਨਾਲ ਗੱਠਜੋੜ ਦੇ ਬਾਅਦ ਘੱਟਗਿਣਤੀ ਵੋਟਾਂ ਬਾਰੇ ਭਰੋਸੇਮੰਦ ਸੀ।

# ਬਦਲੀਆਂ ਤੋਂ ਅੱਕੇ ਖੇਮਕਾ ਨੇ ਕਿਹਾ: ਕਿਸ ਦੇ ਹਿੱਤਾਂ ਦੀ ਰਾਖੀ ਕਰਾਂ?

*28 ਸਾਲ ਦੀ ਨੌਕਰੀ ਵਿਚ ਹੋ ਚੁਕੇ ਹਨ 52 ਤਬਾਦਲੇ

ਚੰਡੀਗੜ੍ਹ, 6 ਮਾਰਚ (ਪੋਸਟ ਬਿਊਰੋ)- ਆਪਣੀ 28 ਸਾਲ ਦੀ ਨੌਕਰੀ 'ਚ 52ਵੇਂ ਤਬਾਦਲੇ ਨਾਲ ਮੁੜ ਸੁਰਖੀਆਂ ਵਿੱਚ ਆਏ ਹੋਏ ਹਰਿਆਣਾ ਦੇ ਸੀਨੀਅਰ ਆਈ ਏ ਐਸ ਅਧਿਕਾਰੀ ਅਸ਼ੋਕ ਖੇਮਕਾ ਨੇ ਟਵੀਟ ਰਾਹੀਂ ਸੂਬਾ ਸਰਕਾਰ ਉੱਤੇ ਹਮਲਾ ਕੀਤਾ ਹੈ। ਪ੍ਰਸ਼ਾਸਨ ਨਾਲ ਹਰ ਮੁੱਦੇ 'ਤੇ ਹਰ ਸਰਕਾਰ ਨਾਲ ਟਕਰਾਉਂਦੇ ਰਹੇ ਅਸ਼ੋਕ ਖੇਮਕਾ ਇਸ ਵਾਰ ਸਾਲਾਨਾ ਗੁਪਤ ਰਿਪੋਰਟ (ਏ ਸੀ ਆਰ) ਵਿੱਚ ਨੰਬਰ ਘਟਾਉਣ ਅਤੇ ਅਰਾਵਲੀ ਦੀਆਂ ਪਹਾੜੀਆਂ 'ਚ ਜ਼ਮੀਨ ਦੀ ਚੱਕਬੰਦੀ ਦਾ ਛੇ ਸਾਲ ਪੁਰਾਣਾ ਉਨ੍ਹਾਂ ਦਾ ਫੈਸਲਾ ਬਦਲਣ ਤੋਂ ਨਾਰਾਜ਼ ਹੋਏ ਪਏ ਹਨ।

ਆਪਣੇ 52ਵੇਂ ਤਬਾਦਲੇ ਤੋਂ ਬਾਅਦ ਅਸ਼ੋਕ ਖੇਮਕਾ ਨੇ ਪਹਿਲੀ ਵਾਰ ਕੱਲ੍ਹ ਤੜਕੇ ਠੀਕ ਤਿੰਨ ਵਜੇ ਟਵੀਟ ਕੀਤਾ ਕਿ 'ਕਿਸ ਦੇ ਹਿੱਤਾਂ ਦੀ ਰੱਖਿਆ ਕਰਾਂ? ਤੁਹਾਡੀ ਜਾਂ ਉਨ੍ਹਾਂ ਦੇ ਜਿਨ੍ਹਾਂ ਦਾ ਨੁਮਾਇੰਦਾ ਹੋਣ ਦਾ ਤੁਸੀਂ ਦਾਅਵਾ ਕਰਦੇ ਹੋ? ਦੰਭ ਹੈ ਸਾਨੂੰ ਪੈਰਾਂ ਹੇਠ ਰੋਲੇਗਾ। ਸ਼ੌਕ ਨਾਲ ਕਈ



ਵਾਰ ਸਹਿ ਲਿਆ, ਇਕ ਵਾਰ ਹੋਰ ਸਹੀ।' ਟਵੀਟ 'ਚ ਖੇਮਕਾ ਨੇ ਕਿਸੇ ਦਾ ਨਾਂ ਨਹੀਂ ਲਿਆ, ਪਰ ਉਨ੍ਹਾਂ ਦਾ ਇਸ਼ਾਰਾ ਮੰਤਰੀਆਂ ਅਤੇ ਪਾਰਲੀਮੈਂਟ ਮੈਂਬਰਾਂ-ਵਿਧਾਇਕਾਂ ਵੱਲ ਸੀ। ਖੇਮਕਾ ਮੌਜੂਦਾ ਸਰਕਾਰ 'ਚ ਤਿੰਨ ਵਾਰ ਸਿੱਧੇ ਮੰਤਰੀਆਂ ਨਾਲ ਟਕਰਾਅ ਚੁੱਕੇ ਹਨ। ਇਸ ਤੋਂ ਬਾਅਦ ਉਨ੍ਹਾਂ ਨੂੰ ਤਬਦਾਲਾ ਝੱਲਣਾ ਪਿਆ। ਟਵੀਟ ਤੋਂ ਬਾਅਦ ਅਸ਼ੋਕ ਖੇਮਕਾ ਦੇ ਸਮਰਥਨ 'ਚ ਰੀ-ਟਵੀਟ ਅਤੇ ਲਾਈਕ ਦੀ ਹੋੜ ਲੱਗ ਗਈ। ਕਿਸੇ ਸੱਜਣ ਨੇ ਉਨ੍ਹਾਂ ਦੇ 52ਵੇਂ ਤਬਾਦਲੇ 'ਤੇ ਸ਼ੁਭ ਕਾਮਨਾਵਾਂ ਦਿੰਦਿਆਂ ਇਸ ਨੂੰ ਉਨ੍ਹਾਂ ਦੀ ਈਮਾਨਦਾਰੀ ਉੱਤੇ ਸਿਤਾਰਾ ਦੱਸਿਆ ਤਾਂ ਕਿਸੇ ਨੇ ਆਮ ਲੋਕਾਂ ਦੇ ਹਿੱਤਾਂ ਦੀ ਰਾਖੀ ਦੀ ਲੜਾਈ 'ਚ 53ਵੇਂ ਤਬਾਦਲੇ ਦੀ ਉਡੀਕ ਕਰਨ ਦੀ ਸਲਾਹ ਦਿੱਤੀ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed


Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4


UPPAL LAW
FREE CONSULTATION !

Avtar Uppal
Manager
Aman Uppal
BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਅਮਰੀਕਾ ਵੱਲੋਂ ਵੀਜ਼ਾ ਮਾਮਲਿਆਂ ਵਿੱਚ ਪਾਕਿਸਤਾਨ ਨੂੰ ਝਟਕਾ

*** ਪਾਕਿਸਤਾਨੀਆਂ ਲਈ ਵੀਜ਼ਾ ਮਿਆਦ ਘੱਟ ਕੀਤੀ ਗਈ**



ਵਾਸ਼ਿੰਗਟਨ, 6 ਮਾਰਚ (ਪੋਸਟ ਬਿਊਰੋ)- ਅੱਤਵਾਦ ਦੇ ਮੁੱਦੇ ਉੱਤੇ ਘਿਰੇ ਹੋਏ ਪਾਕਿਸਤਾਨ ਨੂੰ ਅਮਰੀਕਾ ਨੇ ਇਕ ਵੱਡਾ ਝਟਕਾ ਦਿੱਤਾ ਤੇ ਪਾਕਿਸਤਾਨੀ ਲੋਕਾਂ ਦੀ ਵੀਜ਼ਾ ਮਿਆਦ 5 ਸਾਲ ਤੋਂ ਘਟਾ ਕੇ 12 ਮਹੀਨੇ ਕਰ ਦਿੱਤੀ ਹੈ। ਇਹ ਸੂਚਨਾ ਏ ਆਰ ਵਾਈ ਨਿਊਜ਼ ਦੀ ਰਿਪੋਰਟ ਵਿਚ ਅਮਰੀਕੀ ਦੂਤਘਰ ਦੇ ਹਵਾਲੇ ਨਾਲ ਦਿੱਤੀ ਗਈ ਹੈ।

ਪਤਾ ਲੱਗਾ ਹੈ ਕਿ ਇਹ ਐਲਾਨ ਪਾਕਿਸਤਾਨੀ ਲੋਕਾਂ ਨਾਲ ਉਸ ਦੇਸ਼ ਦੇ ਪੱਤਰਕਾਰਾਂ ਉੱਤੇ ਵੀ ਲਾਗੂ ਹੋਵੇਗਾ। ਨਵੇਂ ਨਿਯਮਾਂ ਨੇ ਪਾਕਿਸਤਾਨ ਪੱਤਰਕਾਰਾਂ ਅਤੇ ਮੀਡੀਆ ਵਾਲਿਆਂ ਲਈ ਮੁਸ਼ਕਲਾਂ ਵਧਾ ਦਿੱਤੀਆਂ ਹਨ। ਉਨ੍ਹਾਂ ਨੂੰ ਮਿਲਣ ਵਾਲੀ ਵੀਜ਼ਾ ਮਿਆਦ 3 ਮਹੀਨੇ ਕਰ ਦਿੱਤੀ ਗਈ ਹੈ। ਪਾਕਿਸਤਾਨ ਦੀ ਇਕ ਅੰਗਰੇਜ਼ੀ ਅਖਬਾਰ ਮੁਤਾਬਕ ਦੇਸ਼ ਵਿਚ ਮੌਜੂਦ ਅਮਰੀਕੀ ਰਾਜਦੂਤ ਨੇ ਇਸ ਗੱਲ ਦੀ ਸੂਚਨਾ ਸਰਕਾਰ ਨੂੰ ਦਿੱਤੀ ਹੈ।

ਇਹੀ ਨਹੀਂ ਅਮਰੀਕਾ ਨੇ ਵੀਜ਼ਾ ਮਿਆਦ ਘੱਟ ਕਰ ਦੇਣ ਦੇ ਨਾਲ ਵੀਜ਼ਾ ਲਈ ਦਿੱਤੀ ਜਾਂਦੀ ਫੀਸ ਵੀ ਵਧਾ ਦਿੱਤੀ ਹੈ। ਪਹਿਲਾਂ ਵੀਜ਼ਾ ਅਰਜ਼ੀ ਫੀਸ 160 ਡਾਲਰ ਸੀ, ਪਰ ਇਹ ਵਧਾ ਕੇ 192 ਡਾਲਰ ਕਰ ਦਿੱਤੀ ਗਈ ਹੈ। ਨਵੇਂ ਆਦੇਸ਼ ਮੁਤਾਬਕ ਵਰਕ ਵੀਜ਼ਾ, ਪੱਤਰਕਾਰ ਵੀਜ਼ਾ, ਟਰਾਂਸਫਰ ਵੀਜ਼ਾ, ਧਾਰਮਿਕ ਵੀਜ਼ਾ ਦੀ ਫੀਸ ਦਾ ਵਾਧਾ ਕੀਤਾ ਗਿਆ ਹੈ। ਇਨ੍ਹਾਂ ਲਈ ਜਿਹੜਾ ਵੀਜ਼ਾ ਹਾਲੇ ਹੈ ਉਸ ਵਿਚ 32 ਤੋਂ 38 ਡਾਲਰ ਤੱਕ ਵਾਧਾ ਕੀਤਾ ਗਿਆ ਹੈ। ਜੇ ਕੋਈ ਪਾਕਿਸਤਾਨੀ ਪੱਤਰਕਾਰ ਅਮਰੀਕਾ ਜਾਣਾ ਚਾਹੁੰਦਾ ਹੈ ਤਾਂ ਉਸ ਨੂੰ ਵੀਜ਼ਾ ਅਪਲਾਈ ਲਈ 192 ਡਾਲਰ ਦੇਣੇ ਹੋਣਗੇ, ਪਰ ਕੁਝ ਹੋਰ ਕੈਟੇਗਰੀਜ਼ ਲਈ 198 ਡਾਲਰ ਫੀਸ ਕੀਤੀ ਗਈ ਹੈ।

ਨਵੇਂ ਨਿਯਮਾਂ ਮੁਤਾਬਕ ਜੇ ਕੋਈ ਪਾਕਿਸਤਾਨੀ ਨਾਗਰਿਕ ਅਮਰੀਕਾ ਜਾਣਾ ਚਾਹੁੰਦਾ ਹੈ ਤਾਂ ਉਹ ਇਕ ਵਾਰ ਵਿਚ 12 ਮਹੀਨੇ ਤੋਂ ਵੱਧ ਨਹੀਂ ਰਹਿ ਸਕਦਾ। ਜੇ ਉਸ ਨੇ ਵੱਧ ਸਮਾਂ ਰਹਿਣਾ ਹੈ ਤਾਂ ਉਸ ਨੂੰ ਵਾਪਸ ਪਾਕਿਸਤਾਨ ਆਉਣਾ ਅਤੇ ਵੀਜ਼ਾ ਰਿਨਿਊ ਕਰਾਉਣਾ ਹੋਵੇਗਾ। ਅਮਰੀਕਾ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਸਾਲ 2018 ਵਿਚ ਕਰੀਬ 38 ਹਜ਼ਾਰ ਪਾਕਿਸਤਾਨੀ ਨਾਗਰਿਕਾਂ ਨੂੰ ਅਮਰੀਕਾ ਦਾ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਗਿਆ ਸੀ।

# ਇਰਾਨ ਤੋਂ ਡਰੇ ਇਮਰਾਨ ਖਾਨ ਨੇ ਆਪਣਾ ਮੰਤਰੀ ਓਧਰ ਭੇਜਿਆ



ਇਸਲਾਮਾਬਾਦ, 6 ਮਾਰਚ (ਪੋਸਟ ਬਿਊਰੋ)- ਭਾਰਤ ਵੱਲੋਂ ਕੀਤੇ ਗਏ ਹਵਾਈ ਹਮਲੇ ਦੇ ਬਾਅਦ ਪਾਕਿਸਤਾਨ ਨੂੰ ਇਰਾਨ ਤੋਂ ਵੀ ਅਜਿਹੇ ਹੀ ਹਮਲੇ ਦਾ ਡਰ ਸਤਾ ਰਿਹਾ ਹੈ। ਇਸ ਦੇ ਚੱਲਦੇ ਪਾਕਿਸਤਾਨ ਦੇ ਰੇਲ ਮੰਤਰੀ ਸ਼ੇਖ ਰਾਸ਼ਿਦ ਕੱਲ੍ਹ ਇਰਾਨ ਦੀ ਤਿੰਨ ਦਿਨਾਂ ਦੀ ਯਾਤਰਾ 'ਤੇ ਰਵਾਨਾ ਹੋਏ।

ਜਾਣਕਾਰ ਸੂਤਰਾਂ ਮੁਤਾਬਕ ਪਾਕਿਸਤਾਨੀ ਮੰਤਰੀ ਇਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਨੂੰ ਆਪਣੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਸੰਦੇਸ਼ ਦੇਣ ਗਏ ਹਨ। ਇਸ ਵਿਚਾਲੇ ਰਾਸ਼ਿਦ ਇਰਾਨੀ ਨੇਤਾ ਨਾਲ ਭਾਰਤ ਅਤੇ ਪਾਕਿਸਤਾਨ ਦੇ ਵਿਚਾਲੇ ਵਧਦੇ ਤਣਾਅ ਦੇ ਬਾਰੇ ਵਿੱਚ ਵੀ ਗੱਲ ਕਰਨਗੇ। ਇਰਾਨੀ ਖੁਫੀਆ ਵਿਭਾਗ ਦੇ ਉਪ ਪ੍ਰਮੁੱਖ ਨੇ ਕਿਹਾ ਕਿ ਦੇ ਪਾਕਿਸਤਾਨੀ ਸਰਕਾਰ ਅੱਤਵਾਦੀਆਂ ਨੂੰ ਦਬਾਉਣ ਲਈ ਕਾਰਵਾਈ ਨਹੀਂ ਕਰਦੀ ਤਾਂ ਇਰਾਨ ਆਪਣੇ ਹਿਸਾਬ ਨਾਲ ਕੰਮ ਕਰੇਗਾ। ਭਾਰਤ ਦੇ ਪੁਲਵਾਮਾ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਇਕ ਦਿਨ ਪਹਿਲਾ 13 ਫਰਵਰੀ ਨੂੰ ਇਰਾਨ ਵਿੱਚ ਵੀ ਆਤਮਘਾਤੀ ਬੰਬ ਧਮਾਕਾ ਹੋਇਆ ਸੀ, ਜਿਸ ਵਿੱਚ ਇਰਾਨੀ ਫੌਜ ਦੇ ਜਵਾਨਾਂ ਦੀ ਬੱਸ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਸ ਹਮਲੇ ਵਿੱਚ 27 ਫੌਜੀ ਮਾਰੇ ਗਏ ਸਨ। ਇਸ ਹਮਲੇ ਲਈ ਇਰਾਨ ਨੇ ਪਾਕਿਸਤਾਨ ਦੇ ਅੱਤਵਾਦੀ ਸੰਗਠਨਾਂ ਨੂੰ ਜ਼ਿੰਮੇਵਾਰ ਦੱਸਿਆ ਸੀ।

# ਬੋਨ ਮੈਰੋ ਟਰਾਂਸਪਲਾਂਟ ਨਾਲ ਏਡਜ਼ ਦਾ ਖਾਤਮਾ ਹੋ ਸਕਦੈ

ਪੈਰਿਸ, 6 ਮਾਰਚ (ਪੋਸਟ ਬਿਊਰੋ)- ਏਡਜ਼ ਦਾ ਕਾਰਨ ਬਣਨ ਵਾਲੇ ਐਚ ਆਈ ਵੀ-1 ਵਾਇਰਸ ਤੋਂ ਮੁਕਤੀ ਦੀ ਦਿਸ਼ਾ 'ਚ ਉਮੀਦ ਦੀ ਨਵੀਂ ਕਿਰਨ ਨਜ਼ਰ ਆਈ ਹੈ। ਵਿਗਿਆਨੀਆਂ ਨੇ ਦੂਜੀ ਵਾਰ ਬੋਨ ਮੈਰੋ ਟਰਾਂਸਪਲਾਂਟ ਰਾਹੀਂ ਕਿਸੇ ਮਰੀਜ਼ 'ਚ ਸਫਲਤਾ ਨਾਲ ਇਸ ਵਾਇਰਸ ਨੂੰ ਖਤਮ ਕੀਤਾ ਹੈ। 10 ਸਾਲ ਪਹਿਲਾਂ ਇਸ ਤਰ੍ਹਾਂ ਦੀ ਪਹਿਲੀ ਸਫਲਤਾ ਮਿਲੀ ਸੀ। ਇਸ ਨੂੰ ਦੁਹਰਾਉਣ ਨਾਲ ਇਲਾਜ ਦੇ ਇਸ ਤਰੀਕੇ ਬਾਰੇ ਵਿਗਿਆਨੀਆਂ ਦਾ ਭਰੋਸਾ ਮਜ਼ਬੂਤ ਹੋਇਆ ਹੈ।

ਬ੍ਰਿਟੇਨ ਦੀ ਕੈਂਬਰਿਜ ਯੂਨੀਵਰਸਿਟੀ ਦੇ ਪ੍ਰੋਫੈਸਰ ਰਵਿੰਦਰ ਗੁਪਤਾ ਨੇ ਕਿਹਾ, 'ਇਕੋ ਜਿਹਾ ਤਰੀਕਾ ਅਪਣਾ ਕੇ ਦੂਜੇ ਮਰੀਜ਼ ਦੇ ਸਫਲ ਇਲਾਜ ਤੋਂ ਇਹ ਸਪਸ਼ਟ ਹੋਇਆ ਹੈ ਕਿ ਪਹਿਲਾ ਮਰੀਜ਼ ਠੀਕ ਹੋਣਾ ਕੋਈ ਸੰਯੋਗ ਨਹੀਂ ਸੀ। ਫਿਲਹਾਲ ਐਚ ਆਈ ਵੀ ਦੇ ਇਲਾਜ ਲਈ ਦਵਾਈ ਦੀ ਵਰਤੋਂ ਹੁੰਦੀ ਹੈ। ਇਹ ਦਵਾਈ ਵਾਇਰਸ ਖਤਮ ਨਹੀਂ ਕਰਦੀ, ਬਲਕਿ ਉਸ ਨੂੰ ਉੱਭਰਨ ਤੋਂ ਰੋਕੀ ਰੱਖਦੀ ਹੈ। ਮਰੀਜ਼ ਨੂੰ ਉਮਰ ਭਰ ਦਵਾਈ ਦੀ ਵਰਤੋਂ ਕਰਨੀ ਪੈਂਦੀ ਹੈ।'

ਏਡਜ਼ ਦੇ ਮਰੀਜ਼ਾਂ ਨੂੰ ਦਿੱਤੇ ਜਾਣ ਵਾਲੇ ਇਲਾਜ ਨੂੰ ਏ ਆਰ ਵੀ ਕਿਹਾ ਜਾਂਦਾ ਹੈ। ਦੁਨੀਆ 'ਚ ਇਸ ਸਮੇਂ ਏਡਜ਼ ਦੇ ਕਰੀਬ 3.7 ਕਰੋੜ ਮਰੀਜ਼ ਹਨ, ਜਿਨ੍ਹਾਂ 'ਚੋਂ ਸਿਰਫ 59 ਫੀਸਦੀ ਨੂੰ ਏ ਆਰ ਵੀ ਦੀ ਸਹੂਲਤ ਮਿਲਦੀ ਹੈ। ਸਾਲਾਨਾ ਕਰੀਬ 10 ਲੱਖ ਲੋਕਾਂ ਦੀ ਮੌਤ ਐਚ ਆਈ ਵੀ ਨਾਲ ਜੁੜੇ ਕਾਰਨਾਂ ਨਾਲ ਹੋ ਜਾਂਦੀ ਹੈ। ਇਸ ਸਭ ਦੇ ਦਰਮਿਆਨ ਦਵਾਈ ਪ੍ਰਤੀਰੋਧੀ ਐਚ ਆਈ ਵੀ ਦਾ ਖਤਰਾ ਵਧਦਾ ਜਾ ਰਿਹਾ ਹੈ। ਗੁਪਤਾ ਅਤੇ ਉਨ੍ਹਾਂ ਦੀ ਟੀਮ ਦਾ ਕਹਿਣਾ ਹੈ ਕਿ ਬੋਨ ਮੈਰੋ ਟਰਾਂਸਪਲਾਂਟ ਖਤਰਨਾਕ ਅਤੇ ਦਰਦ ਭਰੀ ਪ੍ਰਕਿਰਿਆ ਹੈ। ਫਿਲਹਾਲ ਐਚ ਆਈ ਵੀ ਲਈ ਇਸ ਇਲਾਜ ਦਾ ਬਦਲ ਨਹੀਂ ਮੰਨਿਆ ਜਾ ਸਕਦਾ। ਪਹਿਲਾਂ ਬਰਲਿਨ ਤੇ ਇਸ ਵਾਰ ਲੰਡਨ ਦੇ ਮਰੀਜ਼ ਦੇ ਇਲਾਜ ਵਿਚ ਮਿਲੀ ਸਫਲਤਾ ਵਿਗਿਆਨੀਆਂ ਨੂੰ ਏਡਜ਼ ਦੇ ਇਲਾਜ ਲਈ ਨਵੀਂ ਰਣਨੀਤੀ ਬਣਾਉਣ ਦਾ ਰਸਤਾ ਪੁਖਤਾ ਕਰੇਗੀ। ਗੁਪਤਾ ਨੇ ਕਿਹਾ ਕਿ ਐਚ ਆਈ ਵੀ ਦੇ ਵਾਇਰਸ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਬੇਹੱਦ ਜ਼ਰੂਰੀ ਹੈ, ਪਰ ਇਹ ਇਸ ਲਈ ਮੁਸ਼ਕਿਲ ਹੈ, ਕਿਉਂਕਿ ਵਾਇਰਸ ਮਰੀਜ਼ ਦੇ ਵ੍ਹਾਈਟ ਬਲੱਡ ਸੈਲਜ਼ 'ਚ ਮਿਲ ਜਾਂਦਾ ਹੈ।

# ਆਸਟਰੇਲੀਆ ਸਰਕਾਰ ਘਰੇਲੂ ਹਿੰਸਾ ਦੇ ਅਪਰਾਧੀਆਂ ਨੂੰ ਵੀਜ਼ੇ ਨਹੀਂ ਦੇਵੇਗੀ

ਬ੍ਰਿਸਬੇਨ, 6 ਮਾਰਚ (ਪੋਸਟ ਬਿਊਰੋ)- ਆਸਟਰੇਲੀਆ ਦੀ ਫੈਡਰਲ ਸਰਕਾਰ ਵੱਲੋਂ ਜਾਰੀ ਕੀਤੇ ਤਾਜ਼ਾ ਨਿਰਦੇਸ਼ ਹੇਠ ਘਰੇਲੂ ਹਿੰਸਾ ਦੇ ਦੋਸ਼ੀਆਂ ਨੂੰ ਦੇਸ਼ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਪਹਿਲਾਂ ਤੋਂ ਆਸਟਰੇਲੀਆ ਵਿੱਚ ਮੌਜੂਦ ਅਜਿਹੇ ਅਪਰਾਧੀਆਂ ਦਾ ਜੁਰਮ ਸਾਬਿਤ ਹੋਣ 'ਤੇ ਉਨ੍ਹਾਂ ਨੂੰ ਇਥੋਂ ਡਿਪੋਰਟ ਕੀਤਾ ਜਾਵੇਗਾ। ਬੀਤੇ ਵੀਰਵਾਰ ਇਮੀਗਰੇਸ਼ਨ ਮੰਤਰੀ ਡੇਵਿਡ ਕੋਲਮੈਨ ਵੱਲੋਂ ਜਾਰੀ ਕੀਤਾ ਨਿਰਦੇਸ਼ ਲਾਗੂ ਹੋ ਗਿਆ ਹੈ। ਇਸ ਦੇ ਮੁਤਾਬਕ ਬੱਚਿਆਂ ਅਤੇ ਔਰਤਾਂ ਵਿਰੁੱਧ ਕੀਤੇ ਗਏ ਅਪਰਾਧਾਂ ਦੇ ਦੋਸ਼ੀਆਂ ਤੇ ਆਸਟਰੇਲੀਆ ਵਿੱਚ ਦਾਖਲੇ 'ਤੇ ਪਾਬੰਦੀ ਲਾਈ ਗਈ ਹੈ। ਉਨ੍ਹਾਂ ਕਿਹਾ ਕਿ ਜੇ ਤੁਸੀਂ ਔਰਤਾਂ ਤੇ ਬੱਚਿਆਂ ਵਿਰੁੱਧ ਹਿੰਸਾ ਦੇ ਮੁਜਰਮ ਸਾਬਿਤ ਹੋਏ ਹੋ ਤਾਂ ਤੁਸੀਂ ਆਸਟਰੇਲੀਆ ਨਹੀਂ ਆ ਸਕਦੇ, ਭਾਵੇਂ ਜੁਰਮ ਕਿਸੇ ਵੀ ਥਾਂ 'ਤੇ ਕੀਤਾ ਗਿਆ ਹੋਵੇ ਅਤੇ ਭਾਵੇਂ ਸਜ਼ਾ ਕੁਝ ਵੀ ਹੋਵੇ, ਆਸਟਰੇਲੀਆ ਘਰੇਲੂ ਹਿੰਸਾ ਦੇ ਅਪਰਾਧੀਆਂ ਨੂੰ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਇਹ ਨਿਰਦੇਸ਼ ਨਾ ਸਿਰਫ ਵੀਜ਼ਾ ਦੇਣ ਵਾਲੇ ਅਫਸਰਾਂ 'ਤੇ ਲਾਗੂ ਹੋਵੇਗਾ, ਸਗੋਂ ਐਡਮਨਿਸਟ੍ਰੇਟਿਵ ਅਪੀਲਸ ਟ੍ਰਿਬਿਊਨਲ ਨੂੰ ਵੀ ਇਸ 'ਤੇ ਅਮਲ ਕਰਨਾ ਪਵੇਗਾ। ਅਜਿਹੇ ਕਈ ਮਾਮਲੇ ਹਨ, ਜਿਨ੍ਹਾਂ ਵਿੱਚ ਸਰਕਾਰ ਵਿੱਚ ਫੈਸਲਾ ਲੈਣ ਵਾਲਿਆਂ ਨੇ ਘਰੇਲੂ ਹਿੰਸਾ ਦੇ ਮੁਜਰਮਾਂ ਨੂੰ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਸੀ, ਪਰ ਐਡਮਨਿਸਟ੍ਰੇਟਿਵ ਅਪੀਲਸ ਟ੍ਰਿਬਿਊਨਲ ਵੱਲੋਂ ਵੀਜ਼ਾ ਦੇ ਦਿੱਤਾ ਗਿਆ ਸੀ। ਕੋਲਮੈਨ ਨੇ ਖਾਸ ਤੌਰ 'ਤੇ ਦੋ ਕੇਸਾਂ ਦਾ ਜ਼ਿਕਰ ਕੀਤਾ, ਜਿਨ੍ਹਾਂ ਵਿੱਚ ਉਨ੍ਹਾਂ ਨੇ ਵਿਭਾਗ ਵੱਲੋਂ ਕੀਤੇ ਫੈਸਲੇ ਨੂੰ ਟ੍ਰਿਬਿਊਨਲ ਵੱਲੋਂ ਪਲਟ ਕੇ ਵੀਜ਼ੇ ਦਿੱਤੇ ਸਨ।

# ਕੈਂਸਰ ਪੀੜਤ ਬੇਟੇ ਲਈ ਮਿਲੇ ਪੈਸੇ ਮਾਂ ਨੇ ਜੂਏ ਵਿੱਚ ਉਡਾਏ

ਲੰਡਨ, 6 ਮਾਰਚ (ਪੋਸਟ ਬਿਊਰੋ)- ਇਕ ਮਾਂ ਨੇ ਆਪਣੇ ਬੇਟੇ ਦੇ ਕੈਂਸਰ ਦੇ ਇਲਾਜ ਲਈ ਮਿਲੇ ਪੈਸਿਆਂ ਵਿੱਚੋਂ ਲਗਭਗ 93 ਲੱਖ ਰੁਪਏ ਚੋਰੀ ਕਰ ਲਏ। ਛੇ ਸਾਲਾ ਬੇਟੇ ਨੂੰ ਇਲਾਜ ਦੇ ਬਾਅਦ ਵੀ ਕੈਂਸਰ ਤੋਂ ਬਚਾਇਆ ਨਹੀਂ ਜਾ ਸਕਿਆ ਸੀ। ਮਾਂ ਨੇ ਦਾਨ ਦੇ ਪੈਸੇ ਚੋਰੀ ਕਰਕੇ ਆਪਣੀਆਂ ਜੂਏਬਾਜ਼ੀ ਦੀਆਂ ਆਦਤਾਂ ਵਿੱਚ ਉਡਾ ਦਿੱਤੇ। ਇੰਗਲੈਂਡ ਦੇ ਲੀਡਸ ਵਿੱਚ ਸਟੇਸੀ ਵਰਸਲੀ ਨਾਂਅ ਦੀ 32 ਸਾਲ ਦੀ ਔਰਤ ਨੇ ਅਦਾਲਤ ਵਿੱਚ ਆਪਣਾ ਗੁਨਾਹ ਮੰਨ ਲਿਆ ਹੈ। ਉਸ ਦੇ ਬੇਟੇ ਟੋਬੀ ਦੇ ਕੈਂਸਰ ਲਈ ਦਾਨ ਇਕੱਠਾ ਕੀਤਾ ਗਿਆ ਸੀ। ਸਾਲ 2017 ਵਿੱਚ ਪਤਾ ਲੱਗਾ ਕਿ ਟੋਬੀ ਨੂੰ ਕੈਂਸਰ ਹੈ। ਇਸ ਦੇ ਇਲਾਜ ਲਈ ਲਗਭਗ ਦੋ ਕਰੋੜ ਰੁਪਏ ਇਕੱਠੇ ਕਰਨ ਦੇ ਮਕਸਦ ਨਾਲ ਪ੍ਰੋਗਰਾਮ ਕੀਤਾ ਗਿਆ ਸੀ। ਲੀਡਸ ਯੂਨਾਈਟਿਡ ਅਤੇ ਉਸ ਦੇ ਪ੍ਰਸੰਸਕਾਂ ਨੇ ਫੰਡ ਦਾ ਜ਼ਿਆਦਾ ਹਿੱਸਾ ਦਿੱਤਾ ਸੀ। ਬੇਟੇ ਦੀ ਮੌਤ ਤੋਂ ਲਗਭਗ ਦੋ ਮਹੀਨੇ ਬਾਅਦ ਮਾਂ ਨੇ ਲੀਡਸ ਕਰਾਊਨ ਅਦਾਲਤ 'ਚ ਅਪਰਾਧ ਮੰਨ ਲਿਆ।

# ਹਿੰਦੂ ਵਿਰੋਧੀ ਬਿਆਨ ਉਤੇ ਪਾਕਿ ਪੰਜਾਬ ਦਾ ਮੰਤਰੀ ਬਰਖਾਸਤ



ਲਾਹੌਰ, 6 ਮਾਰਚ (ਪੋਸਟ ਬਿਊਰੋ)- ਹਿੰਦੂ ਵਿਰੋਧੀ ਬਿਆਨ ਦੇਣ 'ਤੇ ਪਾਕਿਸਤਾਨ ਦੇ ਪੰਜਾਬ ਸੂਬੇ ਦੀ ਸਰਕਾਰ ਨੇ ਬੀਤੇ ਦਿਨ ਆਪਣੇ ਸੂਚਨਾ ਅਤੇ ਸੰਸਕ੍ਰਿਤੀ ਮੰਤਰੀ ਫਯਾਜ਼ੁਲ ਹਸਨ ਚੌਹਾਨ ਨੂੰ ਬਰਖਾਸਤ ਕਰ ਦਿੱਤਾ।

ਪਾਰਟੀ ਸੂਤਰਾਂ ਦੇ ਮੁਤਾਬਕ ਇਹ ਕਾਰਵਾਈ ਤਦ ਕੀਤੀ ਗਈ ਜਦ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਚੌਹਾਨ ਦੀ 'ਹਿੰਦੂ ਵਿਰੋਧੀ' ਟਿੱਪਣੀ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਉਸਮਾਨ ਬੁਜ਼ਦਾਰ ਨੂੰ ਉਨ੍ਹਾਂ ਨੂੰ ਹਟਾ ਦੇਣ ਦਾ ਨਿਰਦੇਸ਼ ਦਿੱਤਾ। ਚੌਹਾਨ ਪੁਲਵਾਮਾ ਅੱਤਵਾਦੀ ਹਮਲੇ ਦੇ ਬਾਅਦ 24 ਫਰਵਰੀ ਨੂੰ ਇੱਕ ਜਨਤਕ ਸਭਾ ਨੂੰ ਸੰਬੋਧਨ ਕਰਦਿਆਂ ਇਤਰਾਜ਼ ਯੋਗ ਟਿੱਪਣੀ ਕੀਤੀ ਸੀ। ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਤਹਿਰੀਕ-ਏ-ਇਨਸਾਫ ਪਾਰਟੀ ਦੇ ਅਕਾਊਂਟ ਤੋਂ ਕੀਤੇ ਗਏ ਟਵੀਟ ਦੇ ਮੁਤਾਬਕ ਹਿੰਦੂ ਭਾਈਚਾਰੇ ਦੇ ਖਿਲਾਫ ਇਤਰਾਜ਼ਯੋਗ ਟਿੱਪਣੀ ਕਰਨ ਦੇ ਦੋਸ਼ ਵਿੱਚ ਪੰਜਾਬ ਸਰਕਾਰ ਨੇ ਆਪਣੇ ਸੂਚਨਾ ਤੇ ਸਭਿਆਚਾਰਕ ਮੰਤਰੀ ਫਯਾਜ਼ੁਲ ਹਸਨ ਚੌਹਾਨ ਨੂੰ ਅਹੁਦੇ ਤੋਂ ਹਟਾ ਦਿੱਤਾ ਹੈ। ਪੰਜਾਬ ਦੇ ਮੁੱਖ ਮੰਤਰੀ ਦੇ ਇੱਕ ਬੁਲਾਰੇ ਨੇ ਕਿਹਾ ਕਿ ਚੌਹਾਨ ਨੇ ਮੁੱਖ ਮੰਤਰੀ ਨੂੰ ਆਪਣਾ ਅਸਤੀਫਾ ਸੌਂਪ ਦਿੱਤਾ, ਜਿਸ ਨੂੰ ਤੁਰੰਤ ਸਵੀਕਾਰ ਕਰ ਲਿਆ ਗਿਆ।

ਇੱਕ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਜਨਤਕ ਤੌਰ 'ਤੇ ਆਪਣੀ ਟਿੱਪਣੀ ਲਈ ਮੁਆਫੀ ਮੰਗਣ ਦੇ ਬਾਅਦ ਚੌਹਾਨ ਨੂੰ ਮੁਆਫ ਕਰ ਦਿੱਤਾ ਸੀ, ਪਰ ਪ੍ਰਧਾਨ ਮੰਤਰੀ ਦੇ ਦਖਲ ਦੇ ਬਾਅਦ ਉਨ੍ਹਾਂ ਨੂੰ ਮੰਤਰਾਲੇ ਤੋਂ ਹਟਾਉਣਾ ਪਿਆ। ਦੱਸਣਾ ਬਣਦਾ ਹੈ ਕਿ 75 ਲੱਖ ਦੀ ਆਬਾਦੀ ਵਾਲਾ ਹਿੰਦੂ ਭਾਈਚਾਰਾ ਪਾਕਿਸਤਾਨ ਦੀ ਸਭ ਤੋਂ ਵੱਡਾ ਘੱਟਗਿਣਤੀ ਫਿਰਕਾ ਹੈ। ਜ਼ਿਆਦਾਤਰ ਹਿੰਦੂ ਆਬਾਦੀ ਸਿੰਧ ਸੂਬੇ ਵਿੱਚ ਹੈ।

ਇਸ ਤੋਂ ਪਹਿਲਾਂ ਦਿਨ ਵਿੱਚ ਤਿੱਖੀ ਆਲੋਚਨਾ ਦੇ ਬਾਅਦ ਚੌਹਾਨ ਨੇ ਆਪਣੀ ਟਿੱਪਣੀ ਦੀ ਮੁਆਫੀ ਮੰਗ ਲਈ ਸੀ। ਉਨ੍ਹਾਂ ਨੇ ਕਿਹਾ ਸੀ ਕਿ ਉਨ੍ਹਾਂ ਦੀ ਟਿੱਪਣੀ ਪਾਕਿਸਤਾਨ ਦੇ ਹਿੰਦੂ ਭਾਈਚਾਰੇ ਦੇ ਖਿਲਾਫ ਨਹੀਂ ਸੀ ਬਲਕਿ ਉਨ੍ਹਾਂ ਦੇ ਬਿਆਨ ਦੇ ਨਿਸ਼ਾਨੇ 'ਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਭਾਰਤੀ ਫੌਜ ਤੇ ਉਥੋਂ ਦਾ ਮੀਡੀਆ ਸੀ। ਪਾਕਿਸਤਾਨ ਵਿੱਚ ਰਹਿੰਦੇ ਹਿੰਦੂ ਭਾਈਚਾਰੇ ਨੂੰ ਜੇ ਮੇਰੀ ਟਿੱਪਣੀ ਨਾਲ ਠੇਸ ਪਹੁੰਚੀ ਹੈ ਤਾਂ ਮੈਂ ਇਸ ਦੇ ਲਈ ਮੁਆਫੀ ਮੰਗਦਾ ਹਾਂ।

ਸਸਤੀਆਂ ਹਵਾਈ ਟਿਕਟਾਂ
RC Tours Specially Designed to Save Money in Travel
Tico# 50023814
- Special Flights to India and Pakistan
- Special Packages to cuba, mexico
- Online visa application (India)
- Cruise Booking
- Travel insurance
Manjit Batra
manjit.rctours@gmail.com | www.rctours.ca
647.766.3929/647.490.4650
3459 Sheppard Ave. East, Suite 207 Scarborough

Call for Free Estimates
A-1 RENOVATION GTA INC
New Basement $1,000 Off
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?
ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!
If you have 'G' license, 3 years experience & a clean record call today for the lowest & best insurance rates
Sujit Majumdar
Agent
Cell: 647-292-1996
Paying too much for auto insurance? Call today for best & low rates!
27 Rean Drive, Unit 11, Toronto, ON M2K 0A6

Honesty, Reliability, Commitment
Hira Randhawa
Broker
HomeLife SilverCity
- 1 yr Home Warranty
- Appliances & Furniture
- 40% Discount on Brand Name
- Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 William Prkwy/Chinguacouasy
All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 Morning Star/Airport
Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 Charolais & Chinguacousy
Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.
$789,000 Chinguacousy/Drinkwater
Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...

Call For:
RESP, SUPER -VISA,& TRAVEL
Insurance
H.Randhawa
416-319-0551

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ
7 ਦਿਨ ਖੁੱਲ੍ਹਾ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਉਮਰਾਨੰਗਲ ਤੇ ਚਰਨਜੀਤ ਲਈ ਕਿਸੇ ਜੇਲ੍ਹ ਵਿਚਲੇ ਸੁਰੱਖਿਅਤ ਅਹਾਤੇ ਦੀ ਭਾਲ ਸ਼ੁਰੂ

ਚੰਡੀਗੜ੍ਹ, 6 ਮਾਰਚ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਆਈ ਜੀ (ਸਸਪੈਂਡਿਡ) ਪਰਮਰਾਜ ਸਿੰਘ ਉਮਰਾਨੰਗਲ ਅਤੇ ਸੇਵਾਮੁਕਤ ਐਸ ਐਸ ਪੀ ਚਰਨਜੀਤ ਸ਼ਰਮਾ ਨੂੰ ਜੇਲ੍ਹ ਵਿੱਚ ਸੁਰੱਖਿਅਤ ਰੱਖਣ ਲਈ ਵਿਭਾਗ ਨੇ ਜੇਲ੍ਹ ਵਿੱਚ ਹੀ 'ਵਿਸ਼ੇਸ਼ ਅਹਾਤੇ' ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਜੇਲ੍ਹ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪ੍ਰਿੰਸੀਪਲ ਸਕੱਤਰ ਦੇ ਪੱਧਰ ਉੱਤੇ ਭਾਵੇਂ ਪਰਮਰਾਜ ਸਿੰਘ ਉਮਰਾਨੰਗਲ ਅਤੇ ਚਰਨਜੀਤ ਸ਼ਰਮਾ ਨੂੰ ਪਟਿਆਲਾ ਜੇਲ੍ਹ ਤੋਂ ਬਦਲਣ ਦੇ ਹੁਕਮ ਹੋ ਗਏ ਹਨ, ਪਰ ਇਨ੍ਹਾਂ ਦੋਵਾਂ ਦੀ ਜੇਲ੍ਹ ਬਦਲੀ ਬਹੁਤੀ ਸੁਖਾਲੀ ਨਹੀਂ ਹੋਵੇਗੀ। ਇਸ ਸੰਬੰਧ ਵਿੱਚ ਉਚ ਅਧਿਕਾਰੀਆਂ ਨੇ ਦੱਸਿਆ ਕਿ ਪਟਿਆਲਾ, ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਵਿੱਚ ਤਿੰਨ ਜੇਲ੍ਹਾਂ ਵਿੱਚ ਅਜਿਹੇ ਅਹਾਤੇ ਹਨ, ਜਿਨ੍ਹਾਂ ਵਿੱਚ ਹਵਾਲਾਤੀ ਜਾਂ ਕੈਦੀ ਵਜੋਂ ਸੇਵਾਮੁਕਤ ਜਾਂ ਸੇਵਾ ਅਧੀਨ ਪੁਲਸ ਅਫਸਰ ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਪੰਜਾਬ ਦੀ ਹੋਰ ਕਿਸੇ ਜੇਲ੍ਹ ਵਿੱਚ ਪੁਲਸੀਆਂ ਲਈ ਵੱਖਰਾ ਅਹਾਤਾ ਨਹੀਂ ਬਣਾਇਆ ਗਿਆ। ਜਾਣਕਾਰ ਸੂਤਰਾਂ ਮੁਤਾਬਕ ਉਮਰਾਨੰਗਲ ਅਤੇ ਸ਼ਰਮਾ ਨੂੰ ਪਟਿਆਲਾ ਜੇਲ੍ਹ ਵਿੱਚ ਵੀ ਭੇਜਣ ਤੋਂ ਪਹਿਲਾਂ ਆਈ ਜੀ (ਸੁਰੱਖਿਆ) ਐਸ ਕੇ ਸਿੰਘ ਅਤੇ ਇੰਟੈਲੀਜੈਂਸ ਵਿੰਗ ਦੇ ਅਫਸਰਾਂ ਨੇ ਜੇਲ੍ਹ ਦਾ ਦੌਰਾ ਕਰਕੇ ਸੁਰੱਖਿਆ ਪ੍ਰਬੰਧ ਚੈੱਕ ਕੀਤੇ ਸਨ। ਆਈ ਜੀ (ਸੁਰੱਖਿਆ) ਦੇ ਸੁਝਾਅ ਪਿੱਛੋਂ ਡੀ ਜੀ ਪੀ ਦਿਨਕਰ ਗੁਪਤਾ ਦੀਆਂ ਸਿਫਾਰਸ਼ਾਂ 'ਤੇ ਉਮਰਾਨੰਗਲ ਨੂੰ ਪਟਿਆਲਾ ਜੇਲ੍ਹ ਵਿੱਚ ਸੁਰੱਖਿਆ ਦਿੱਤੀ ਗਈ ਹੈ। ਜੇਲ ਅਧਿਕਾਰੀਆਂ ਦਾ ਦਾਅਵਾ ਹੈ ਕਿ ਜੇਲ੍ਹ ਅੰਦਰ ਸੁਰੱਖਿਆ ਦੇਣੀ ਜੇਲ੍ਹ ਨੇਮਾਂ ਦੀ ਉਲੰਘਣਾ ਨਹੀਂ ਕਹੀ ਜਾ ਸਕਦੀ।


ਸਸਪੈਂਡਡ ਆਈਜੀ ਉਮਰਾਨੰਗਬ ਅਤੇ ਸੇਵਾ ਮੁਕਤ ਐਸਐਸਪੀ ਚਰਨਜੀਤ ਸ਼ਰਮਾ।

# ਥਾਣਾ ਸਿਟੀ ਦਾ ਥਾਣੇਦਾਰ 6 ਹਜ਼ਾਰ ਰੁਪਏ ਲੈਂਦਾ ਵਿਜੀਲੈਂਸ ਨੇ ਫੜ੍ਹਿਆ



ਰੂਪਨਗਰ, 6 ਮਾਰਚ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਮੋਹਾਲੀ ਦੀ ਟੀਮ ਨੇ ਥਾਣਾ ਸਿਟੀ ਰੂਪਨਗਰ ਦੇ ਏ ਐੱਸ ਆਈ ਇੰਦਰਪਾਲ ਸਿੰਘ ਨੂੰ ਰੰਗੇ ਹੱਥੀਂ ਛੇ ਹਜ਼ਾਰ ਰੂਪੈ ਰਿਸ਼ਵਤ ਲੈਂਦੇ ਹੋਏ ਫੜਿਆ ਹੈ। ਇਸ ਦੇ ਬਾਅਦ ਰੂਪਨਗਰ ਦੇ ਐੱਸ ਐੱਸ ਪੀ ਸਵਪਨ ਸ਼ਰਮਾ ਨੇ ਇਸ ਏ ਐੱਸ ਆਈ ਨੂੰ ਸਸਪੈਂਡ ਕਰ ਦਿੱਤਾ ਹੈ। ਮਿਲੀ ਜਾਣਕਾਰੀ ਅਨੁਸਾਰ ਡੀ ਐੱਸ ਪੀ ਵਿਜੀਲੈਂਸ ਹਰਵਿੰਦਰ ਸਿੰਘ ਦੀ ਅਗਵਾਈ ਹੇਠ ਵਿਜੀਲੈਂਸ ਟੀਮ, ਜਿਸ ਵਿੱਚ ਇੰਸਪੈਕਟਰ ਇੰਦਪਾਲ ਸਿੰਘ, ਮੌਕੇ ਦਾ ਗਵਾਹ ਬਲਵਿੰਦਰ ਸਿੰਘ ਪੁੱਤਰ ਜੱਗਾ ਸਿੰਘ ਵਾਸੀ ਕੋਟਲਾ ਨਿਹੰਗ ਸ਼ਾਮਲ ਸੀ, ਨੇ ਇਹ ਕਾਰਵਾਈ ਕੀਤੀ ਹੈ। ਇਸ ਬਾਰੇ ਵਿਜੀਲੈਂਸ ਬਿਊਰੋ ਮੋਹਾਲੀ ਦੇ ਪ੍ਰੈਸ ਬਿਆਨ ਅਨੁਸਾਰ ਸ਼ਿਕਾਇਤ ਕਰਤਾ ਸੁੱਚਾ ਸਿੰਘ ਵਾਸੀ ਕਠਿਆਣਾ ਹਿਮਾਚਲ ਪ੍ਰਦੇਸ ਨੇ ਵਿਜੀਲੈਂਸ ਨੂੰ ਸ਼ਿਕਾਇਤ ਕੀਤੀ ਸੀ ਕਿ ਵਿਨੋਦ ਕੁਮਾਰ ਵਾਸੀ ਪਾਵਰ ਕਲੋਨੀ ਰੂਪਨਗਰ ਨਾਲ ਉਸ ਦਾ ਪੈਸਿਆਂ ਦੇ ਲੈਣ ਦੇਣ ਦਾ ਝਗੜਾ ਸੀ, ਜਿਸ ਕਰ ਕੇ 26 ਫਰਵਰੀ ਨੂੰ ਵਿਨੋਦ ਕੁਮਾਰ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਸੁੱਚਾ ਸਿੰਘ ਉੱਤੇ ਹਮਲਾ ਕਰਕੇ ਜਖਮੀ ਕਰ ਦਿੱਤਾ। ਇਸ ਮਗਰੋਂ ਜਖਮੀ ਸੁੱਚਾ ਸਿੰਘ ਨੂੰ ਇਲਾਜ ਲਈ ਸਿਵਲ ਹਸਪਤਾਲ ਰੂਪਨਗਰ ਦਾਖਲ ਕਰਾਇਆ ਗਿਆ ਅਤੇ ਹਸਪਤਾਲ ਨੇ ਪਰਚਾ ਕੱਟ ਕੇ ਥਾਣਾ ਸਿਟੀ ਰੂਪਨਗਰ ਨੂੰ ਭੇਜ ਦਿੱਤਾ। ਇਸ ਕੇਸ ਦੀ ਜਾਂਚ ਏ ਐੱਸ ਆਈ ਇੰਦਰਪਾਲ ਸਿੰਘ ਨੂੰ ਸੌਂਪੀ ਗਈ ਤਾਂ ਇੰਦਰਪਾਲ ਸਿੰਘ ਨੇ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਦੀ ਬਜਾਏ ਉਸ ਨੂੰ ਧਮਕਾਇਆ ਕਿ ਸਮਝੌਤਾ ਕਰ ਲਵੇ, ਜੇ ਨਾ ਕੀਤਾ ਤਾਂ ਉਲਟਾ ਉਸ ਦੇ ਖਿਲਾਫ ਵਿਨੋਦ ਕੁਮਾਰ ਦੀ ਪਤਨੀ ਨਾਲ ਛੇੜ ਛਾੜ ਅਤੇ ਅਗਵਾ ਕਰਨ ਦਾ ਕੇਸ ਦਰਜ ਕਰ ਦੇਵੇਗਾ, ਪਰ ਜੇ ਬਚਣਾ ਹੈ ਤਾਂ 10 ਹਜ਼ਾਰ ਰੁਪੈ ਦੇਣੇ ਪੈਣਗੇ। ਸ਼ਿਕਾਇਤ ਕਰਤਾ ਅਨੁਸਾਰ ਏ ਐੱਸ ਆਈ ਨੇ ਉਸ ਨਾਲ 9 ਹਜ਼ਾਰ ਰੁਪੈ ਦੀ ਸੈਟਿੰਗ ਕਰ ਲਈ, ਜਿਸ ਦੇ 3 ਹਜ਼ਾਰ ਰੁਪੈ ਥਾਣੇਦਾਰ ਨੇ ਪਹਿਲਾਂ ਲੈ ਲਏ ਅਤੇ ਬਾਕੀ 6 ਹਜ਼ਾਰ ਲੈਣ ਸਮੇਂ ਵਿਜੀਲੈਂਸ ਟੀਮ ਨੇ ਉਸ ਨੂੰ ਰੰਗੇ ਹੱਥੀਂ ਕਾਬੂ ਕਰ ਲਿਆ ਅਤੇ ਅਦਾਲਤ ਵਿੱਚ ਪੇਸ਼ ਕੀਤਾ ਹੈ।

## ਐੱਨ ਆਰ ਆਈ ਦੀ ਕੋਠੀ ਵਿੱਚ ਕਿਰਾਏਦਾਰ ਨੇ ਫਾਹਾ ਲੈ ਲਿਆ

ਜਲੰਧਰ, 6 ਮਾਰਚ (ਪੋਸਟ ਬਿਊਰੋ)- ਪਿੰਡ ਧੀਣਾ ਵਿੱਚ ਐੱਨ ਆਰ ਆਈ ਦੀ ਕੋਠੀ ਵਿੱਚ ਰਹਿੰਦੇ ਕਿਰਾਏਦਾਰ ਅਸ਼ੋਕ ਸੈਣੀ (45) ਨੇ ਚਮੜੀ ਰੋਗ ਤੋਂ ਪ੍ਰੇਸ਼ਾਨ ਹੋ ਕੇ ਖੁਦਕੁਸ਼ੀ ਕਰ ਲਈ। ਮੂਲ ਰੂਪ ਤੋਂ ਬਿਹਾਰ ਦੇ ਮੁਜ਼ੱਫਰਪੁਰ ਦੇ ਭਾਰਤ ਨਗਰ ਵਾਸੀ ਅਸ਼ੋਕ ਦੀ ਕੱਲ੍ਹ ਸਵੇਰੇ ਕੋਠੀ ਦੀਆਂ ਪੌੜੀਆਂ ਦੀ ਗਰਿੱਲ ਨਾਲ ਲਟਕਦੀ ਲਾਸ਼ ਮਿਲੀ। ਅਸ਼ੋਕ ਦੇ ਚਚੇਰੇ ਭਰਾ ਅਨਿਲ ਨੇ ਦੱਸਿਆ ਕਿ ਪੰਜ ਦਿਨ ਪਹਿਲਾਂ ਉਨ੍ਹਾਂ ਦੋਵਾਂ ਦੀ ਗੱਲ ਹੋਈ ਸੀ। ਅਸ਼ੋਕ ਨੇ ਉਸ ਨੂੰ ਫੋਨ ਕਰ ਕੇ ਰੋਂਦੇ ਹੋਏ ਕਿਹਾ ਸੀ ਕਿ ਉਸ ਦੇ ਸਰੀਰ ਉੱਤੇ ਬਹੁਤ ਜ਼ਿਆਦਾ ਫੋੜੇ ਹੋ ਗਏ ਹਨ। ਉਹ ਡਾਕਟਰ ਨੂੰ ਵੀ ਮਿਲਿਆ ਹੈ, ਪਰ ਬਹੁਤ ਪ੍ਰੇਸ਼ਾਨ ਹੈ। ਬਿਮਾਰੀ ਭਰੀ ਜ਼ਿੰਦਗੀ ਜਿਊਣਾ ਉਸ ਲਈ ਮੁਸ਼ਕਲ ਹੋ ਗਿਆ ਹੈ। ਮ੍ਰਿਤਕ ਦੇ ਪਿਤਾ ਰਘੂਨਾਥ ਸਿੰਘ ਨੇ ਦੱਸਿਆ ਕਿ ਉਸ ਦਾ ਬੇਟਾ ਅਸ਼ੋਕ ਅਤੇ ਉਹ ਪਿਛਲੇ 15 ਸਾਲ ਤੋਂ ਵੱਧ ਸਮੇਂ ਤੋਂ ਪਿੰਡ ਧੀਣਾ ਵਿੱਚ ਰਹਿ ਰਹੇ ਹਨ। ਯੂ ਕੇ ਵਿੱਚ ਰਹਿੰਦੇ ਐੱਨ ਆਰ ਆਈ ਬਹਾਦੁਰ ਸਿੰਘ ਦੀ ਕੋਠੀ ਵਿੱਚ ਪਿਛਲੇ 15 ਸਾਲਾਂ ਤੋਂ ਕਿਰਾਏਦਾਰ ਵਜੋਂ ਇਕੱਲਾ ਰਹਿ ਰਿਹਾ ਸੀ। ਅਸ਼ੋਕ ਦੀ ਪਤਨੀ ਅਤੇ ਦੋ ਬੱਚੇ ਪਿੰਡ ਵਿੱਚ ਹੀ ਰਹਿੰਦੇ ਹਨ। ਕੱਲ੍ਹ ਉਹ ਅਸ਼ੋਕ ਨੂੰ ਮਿਲਣ ਉਸ ਦੀ ਕੋਠੀ ਗਏ ਤਾਂ ਕੋਠੀ ਦੀ ਪਹਿਲੀ ਮੰਜ਼ਿਲ 'ਤੇ ਜਾਂਦੀਆਂ ਪੌੜੀਆਂ ਦੀ ਗਰਿੱਲ ਨਾਲ ਉਸ ਦੇ ਬੇਟੇ ਦੀ ਲਾਸ਼ ਲਟਕਦੀ ਮਿਲੀ। ਥਾਣਾ ਸਦਰ ਦੀ ਪੁਲਸ ਨੇ ਮ੍ਰਿਤਕ ਦੇ ਪਿਤਾ ਦੇ ਬਿਆਨ 'ਤੇ ਕੇਸ ਦਰਜ ਕਰ ਲਿਆ ਹੈ।

## ਟਰੱਕ ਦੀ ਟੱਕਰ ਨਾਲ ਐਕਟਿਵਾ ਸਵਾਰ ਦੀ ਜਾਨ ਗਈ

